# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 30.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8


## CAA ਨੂੰ ਲੈ ਕੇ ਸਰਕਾਰ ਦਾ ਵੱਡਾ ਕਦਮ, ਬੰਗਾਲ ਸਮੇਤ 3 ਸੂਬਿਆਂ 'ਚ ਮਿਲਣੀ ਸ਼ੁਰੂ ਹੋਈ ਨਾਗਰਿਕਤਾ

ਕੇਂਦਰ ਸਰਕਾਰ ਨੇ ਪੱਛਮੀ ਬੰਗਾਲ ਵਿਚ ਨਾਗਰਿਕਤਾ ਸੋਧ ਐਕਟ (CAA) ਤਹਿਤ ਨਾਗਰਿਕਤਾ ਦੇਣੀ ਸ਼ੁਰੂ ਕਰ ਦਿੱਤੀ ਹੈ। ਗ੍ਰਹਿ ਮੰਤਰਾਲਾ ਮੁਤਾਬਕ CAA ਤਹਿਤ ਨਾਗਰਿਕਤਾ ਸਰਟੀਫ਼ਿਕੇਟ ਦੇਣ ਦੀ ਪ੍ਰਕਿਰਿਆ ਹੁਣ ਪੱਛਮੀ ਬੰਗਾਲ ਸੂਬੇ ਵਿਚ ਸ਼ੁਰੂ ਹੋ ਗਈ ਹੈ। ਇੱਥੇ ਸੂਬੇ ਤੋਂ ਆਏ ਬਿਨੈਕਾਰਾਂ ਨੂੰ ਪੱਛਮੀ ਬੰਗਾਲ ਦੀ ਅਧਿਕਾਰ ਪ੍ਰਾਪਤ ਕਮੇਟੀ ਵਲੋਂ ਨਾਗਰਿਕਤਾ ਪ੍ਰਦਾਨ ਕੀਤੀ ਗਈ। ਇਸ ਤਰ੍ਹਾਂ ਹਰਿਆਣਾ ਅਤੇ ਉੱਤਰਾਖੰਡ ਸੂਬਿਆਂ ਦੀਆਂ ਅਧਿਕਾਰ ਪ੍ਰਾਪਤ ਕਮੇਟੀਆਂ ਨੇ ਨਾਗਰਿਤਾ ਸੋਧ ਐਕਟ 2024 ਤਹਿਤ ਆਪਣੇ-ਆਪਣੇ ਸੂਬਿਆਂ ਵਿਚ ਬਿਨੈਕਾਰਾਂ ਨੂੰ ਨਾਗਰਿਕਤਾ ਪ੍ਰਦਾਨ ਕੀਤੀ ਹੈ।

ਇਸ ਤੋਂ ਪਹਿਲਾਂ 15 ਮਈ ਨੂੰ CAA ਤਹਿਤ ਪਹਿਲੀ ਵਾਰ 14 ਲੋਕਾਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਗਈ ਸੀ। ਕੇਂਦਰ ਸਰਕਾਰ ਨੇ 11 ਮਾਰਚ 2024 ਨੂੰ CAA ਦੇਸ਼ ਭਰ ਵਿਚ ਲਾਗੂ ਕੀਤਾ ਸੀ। CAA ਤਹਿਤ 31 ਦਸੰਬਰ 2014 ਤੋਂ ਪਹਿਲਾਂ ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ ਤੋਂ ਆਏ ਗੈਰ-ਮੁਸਲਿਮ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਦੀ ਵਿਵਸਥਾ ਹੈ। ਦੱਸ ਦੇਈਏ ਕਿ ਨਾਗਰਿਕਤਾ ਸੋਧ ਐਕਟ 2019 ਨੂੰ ਸੰਸਦ ਵਲੋਂ ਪਾਸ ਕੀਤਾ ਗਿਆ ਸੀ। ਬਾਅਦ ਵਿਚ ਇਸ ਬਿੱਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਮਿਲ ਗਈ ਸੀ। CAA ਜ਼ਰੀਏ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਆਏ ਹਿੰਦੂ, ਸਿੱਖ, ਜੈਨ, ਬੌਧ, ਪਾਰਸੀ ਅਤੇ ਈਸਾਈ ਭਾਈਚਾਰਿਆਂ ਨਾਲ ਸਬੰਧਤ ਘੱਟ ਗਿਣਤੀਆਂ ਨੂੰ ਭਾਰਤੀ ਨਾਗਰਿਕਤਾ ਲੈਣ ਵਿਚ ਆਸਾਨੀ ਹੋਵੇਗੀ।




ਨਾਗਰਿਕਤਾ (ਸੋਧ) ਐਕਟ, 2019 ਭਾਰਤ ਦੇ ਤਿੰਨ ਗੁਆਂਢੀ ਦੇਸ਼ਾਂ ਤੋਂ ਧਾਰਮਿਕ ਆਧਾਰ 'ਤੇ ਸਤਾਏ ਜਾਣ ਤੋਂ ਬਾਅਦ ਭਾਰਤ ਆਏ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦਾ ਅਧਿਕਾਰ ਦੇਣ ਵਾਲਾ ਕਾਨੂੰਨ ਹੈ। ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਕਈ ਗਲਤ ਧਾਰਨਾਵਾਂ ਫੈਲਾਈਆਂ ਗਈਆਂ। ਇਹ ਨਾਗਰਿਕਤਾ ਦੇਣ ਦਾ ਕਾਨੂੰਨ ਹੈ, CAA ਕਿਸੇ ਵੀ ਭਾਰਤੀ ਨਾਗਰਿਕ ਦੀ ਨਾਗਰਿਕਤਾ ਨਹੀਂ ਖੋਹੇਗਾ, ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ। ਇਹ ਕਾਨੂੰਨ ਸਿਰਫ਼ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਸਾਲਾਂ ਬੱਧੀ ਜ਼ੁਲਮ ਸਹਿਣਾ ਪਿਆ ਅਤੇ ਜਿਨ੍ਹਾਂ ਦਾ ਭਾਰਤ ਤੋਂ ਇਲਾਵਾ ਦੁਨੀਆਂ ਵਿਚ ਕੋਈ ਹੋਰ ਥਾਂ ਨਹੀਂ ਹੈ। ਦਰਅਸਲ 10 ਦਸੰਬਰ 2019 ਨੂੰ ਨਾਗਰਿਕਤਾ ਸੋਧ ਬਿੱਲ ਲੋਕ ਸਭਾ ਤੋਂ ਅਤੇ ਅਗਲੇ ਦਿਨ ਰਾਜ ਸਭਾ ਤੋਂ ਪਾਸ ਹੋਇਆ ਸੀ। 12 ਦਸੰਬਰ 2019 ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਤੋਂ ਮਨਜ਼ੂਰੀ ਮਿਲਣ ਮਗਰੋਂ CAA ਕਾਨੂੰਨ ਬਣ ਗਿਆ ਸੀ।

## 24' ਦੇ ਦੰਗਲ 'ਚ PM ਮੋਦੀ ਦੀ ਹੁਸ਼ਿਆਰਪੁਰ 'ਚ ਆਖਰੀ ਰੈਲੀ ਦਿਲੀ ਇੱਛਾ ਦੱਸਦਿਆਂ ਕਹੀਆਂ ਵੱਡੀਆਂ ਗੱਲਾਂ

ਲੋਕ ਸਭਾ ਚੋਣਾਂ ਨੂੰ ਲੈ ਕੇ 1 ਜੂਨ ਨੂੰ ਪੰਜਾਬ ਵਿਚ ਹੋਣ ਵਾਲੀ ਵੋਟਿੰਗ ਲਈ ਅੱਜ ਸ਼ਾਮ 6 ਵਜੇ ਤੋਂ ਚੋਣ ਪ੍ਰਚਾਰ ਰੁੱਕ ਜਾਵੇਗਾ। ਆਖ਼ਰੀ ਗੇੜ ਦੀਆਂ ਚੋਣਾਂ ਦੌਰਾਨ ਅੱਜ ਪ੍ਰਧਾਨ ਮੰਤਰੀ ਨਰਿੰਦਰ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਹੁਸ਼ਿਆਰਪੁਰ ਵਿਚ ਅਨੀਤਾ ਸੋਮ ਪ੍ਰਕਾਸ਼ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਗਿਆ। ਆਪਣੇ ਸੰਬੋਧਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ 2024 ਦੀ ਮੇਰੀ ਇਹ ਆਖ਼ਰੀ ਚੋਣਾਵੀ ਸਭਾ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਛੋਟੀ ਕਾਂਸ਼ੀ ਵਜੋਂ ਜਾਣਿਆ ਜਾਂਦਾ ਹੈ। ਮੈਂ ਪੂਰੀ ਇਮਾਨਦਾਰੀ ਨਾਲ ਦੇਸ਼ ਦੀ ਸੇਵਾ ਵਿਚ ਜੁਟਿਆ ਹੋਇਆ ਹਾਂ। ਅੱਜ ਦੇਸ਼ ਵਿਚ ਆਤਮ ਵਿਸ਼ਵਾਸ ਨਵਾਂ ਹੈ। ਕਾਫ਼ੀ ਸਮੇਂ ਬਾਅਦ ਇਹ ਸਮਾਂ ਆਇਆ ਹੈ ਕਿ ਜਦੋਂ ਪੂਰਨ ਬਹੁਮਤ ਵਾਲੀ ਕੇਂਦਰ ਸਰਕਾਰ ਹੈਟ੍ਰਿਕ ਲਗਾਉਣ ਜਾ ਰਹੀ ਹੈ। ਹਰ ਦੇਸ਼ਵਾਸੀ ਸਾਨੂੰ ਆਸ਼ਿਰਵਾਦ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਇਕ ਵਾਰ ਲਾਲ ਕਿਲ੍ਹੇ ਤੋਂ ਕਿਹਾ ਸੀ ਕਿ ਇਹੀ ਸਮਾਂ ਹੈ, ਜੋ ਸਹੀ ਸਮਾਂ ਹੈ। ਅੱਜ ਮੈਂ ਫਿਰ ਤੋਂ ਕਹਿ ਰਿਹਾ ਹਾਂ ਕਿ 21ਵੀਂ ਸਦੀ ਭਾਰਤ ਦੀ ਸਦੀ ਹੋਵੇਗੀ। ਵੀਰਾਂ ਦੀ ਧਰਤੀ ਪੰਜਾਬ ਤੋਂ ਕੋਣ ਜਾਣ ਸਕਦਾ ਹੈ ਕਿ ਦਮਦਾਰ ਸਰਕਾਰ ਕੀ ਹੁੰਦੀ ਹੈ। ।




ਦਮਦਾਰ ਸਰਕਾਰ ਜਿਹੜੇ ਦੁਸ਼ਮਣਾਂ ਦੇ ਛੱਕੇ ਛੁਡਵਾ ਦੇਵੇ, ਦਮਦਾਰ ਸਰਕਾਰ ਜਿਹੜਾ ਦੁਸ਼ਮਣਾਂ ਨੂੰ ਘਰ ਵਿਚ ਦਾਖ਼ਲ ਹੋ ਕੇ ਮਾਰੇ। ਅੱਜ ਦੇਸ਼ ਦਾ ਹਰ ਨਾਗਰਿਕ ਵਿਕਸਤ ਭਾਰਤ ਦੇ ਸੁਫ਼ਨੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵੀ ਬੋਲ ਰਿਹਾ ਹੈ ਕਿ ਫਿਰ ਇਕ ਵਾਰ 400 ਪਾਰ। ਉਨ੍ਹਾਂ ਕਿਹਾ ਕਿ ਅਸੀਂ ਤੀਜੇ ਟਰਮ ਦੇ ਰੋਡਮੈਪ ਲਈ ਵੀ ਕੰਮ ਕਰ ਲਿਆ ਹੈ। ਅਗਲੇ 25 ਸਾਲ ਦੇ ਵਿਜ਼ਨ 'ਤੇ ਸਾਡੀ ਸਰਕਾਰ ਅੱਗੇ ਵੱਧ ਰਹੀ ਹੈ।

ਆਪਣੇ ਮਨ ਦੀ ਗੱਲ ਦੱਸਦੇ ਮੋਦੀ ਨੇ ਕਿਹਾ ਕਿ ਅਸੀਂ ਅਯੁੱਧਿਆ ਵਿਚ ਪ੍ਰਭੂ ਰਾਮ ਦੀ ਮੰਦਿਰ ਤਾਂ ਬਣਾਇਆ, ਜੋਕਿ 500 ਸਾਲ ਬਾਅਦ ਬਣਿਆ ਹੈ। ਉਨ੍ਹਾਂ ਕਿਹਾ ਕਿ ਉਥੇ ਯਾਤਰੀਆਂ ਦੀ ਸੇਵਾ ਲਈ ਬਹੁਤ ਵੱਡਾ ਹਵਾਈ ਅੱਡਾ ਬਣਿਆ ਹੈ, ਜਿਸ ਦਾ ਨਾਂ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੇ ਨਾਂ 'ਤੇ ਰੱਖਿਆ ਹੈ। ਮੇਰੀ ਦਿਲੀ ਇੱਛਾ ਹੈ ਕਿ ਆਦਮਪੁਰ ਏਅਰਪੋਰਟ ਦਾ ਨਾਂ ਵੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਂ 'ਤੇ ਰੱਖਿਆ ਜਾਵੇ। ਸਰਕਾਰ ਬਣਨ ਤੋਂ ਬਾਅਦ ਇਸ ਦਿਸ਼ਾ ਵੱਲ ਤੇਜ਼ੀ ਨਾਲ ਕੰਮ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਵੱਲੋਂ ਕਾਂਗਰਸ 'ਤੇ ਵੀ ਤਿੱਖੇ ਸ਼ਬਦੀ ਹਮਲੇ ਕੀਤੇ ਗਏ

## Noida ਦੀ ਸੁਸਾਇਟੀ 'ਚ ਲੱਗੀ ਭਿਆਨਕ ਅੱਗ

ਉੱਤਰੀ ਭਾਰਤ ਵਿੱਚ ਭਿਆਨਕ ਗਰਮੀ ਦਰਮਿਆਨ ਨੋਇਡਾ ਹਾਈ ਰਾਈਜ਼ ਵਿੱਚ ਇੱਕ ਫਲੈਟ ਵਿੱਚ ਏਸੀ ਬਲਾਸਟ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਸੈਕਟਰ 100 'ਚ ਸਥਿਤ ਲੋਟਸ ਬਲੂਬਰਡ ਸੋਸਾਇਟੀ 'ਚ ਧਮਾਕੇ ਤੋਂ ਬਾਅਦ ਭਿਆਨਕ ਅੱਗ ਲੱਗਣ ਦੀ ਜਾਣਕਾਰੀ ਮਿਲੀ ਹੈ। ਸੋਸਾਇਟੀ 'ਚ ਸਥਿਤ ਇਕ ਫਲੈਟ 'ਚ ਏ.ਸੀ. 'ਚ ਧਮਾਕਾ ਹੋਣ ਤੋਂ ਬਾਅਦ ਪੂਰਾ ਫਲੈਟ ਅੱਗ ਦੀ ਲਪੇਟ 'ਚ ਆ ਗਿਆ। ਜਲਦੀ ਹੀ ਇਹ ਅੱਗ ਹੋਰ ਫਲੈਟਾਂ 'ਚ ਵੀ ਫੈਲ ਗਈ | ਬਿਲਡਿੰਗ ਦੇ ਉਪਰਲੇ ਅਪਾਰਟਮੈਂਟਸ ਵਿੱਚ ਲੱਗੀ ਅੱਗ ਕਾਰਨ ਆਸਪਾਸ ਦੇ ਲੋਕਾਂ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ।ਘਟਨਾ 'ਚ ਕਿਸੇ ਜਾਨੀ ਨੁਕਸਾਨ ਦੀ ਤੁਰੰਤ ਕੋਈ ਸੂਚਨਾ ਨਹੀਂ ਹੈ। ਪੁਲਸ ਦੇ ਬੁਲਾਰੇ ਨੇ ਕਿਹਾ, "ਫਾਇਰ ਸੇਫਟੀ ਅਧਿਕਾਰੀਆਂ ਨੇ ਅੱਗ ਬੁਝਾ ਦਿੱਤੀ ਹੈ।" ਸੋਸ਼ਲ ਮੀਡੀਆ 'ਤੇ ਵੀਡੀਓਜ਼ ਵਿੱਚ ਸੁਸਾਇਟੀ ਦੇ ਇੱਕ ਰਿਹਾਇਸ਼ੀ ਟਾਵਰ ਵਿੱਚ ਇੱਕ ਅਪਾਰਟਮੈਂਟ ਤੋਂ ਭਾਰੀ ਧੂੰਆਂ ਨਿਕਲਦਾ ਦਿਖਾਈ ਦੇ ਰਿਹਾ ਹੈ।



## ਔਰਤਾਂ ਦੀ ਯਾਤਰਾ ਹੋਵੇਗੀ ਸੁਰੱਖ਼ਿਅਤ ਅਤੇ ਆਰਾਮਦਾਇਕ, Indigo ਨੇ ਸ਼ੁਰੂ ਕੀਤੀ ਵਿਸ਼ੇਸ਼ ਸਹੂਲਤ

ਦੇਸ਼ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਨੇ ਔਰਤਾਂ ਲਈ ਖਾਸ ਆਫਰ ਸ਼ੁਰੂ ਕੀਤਾ ਹੈ। ਇਸ ਵਿੱਚ ਔਰਤਾਂ ਨੂੰ ਅਜਿਹੀਆਂ ਸੀਟਾਂ ਚੁਣਨ ਦੀ ਆਜ਼ਾਦੀ ਦਿੱਤੀ ਗਈ ਹੈ ਜਿੱਥੇ ਮਹਿਲਾ ਯਾਤਰੀ ਪਹਿਲਾਂ ਹੀ ਬੈਠੀਆਂ ਹੋਣ। ਇਸ ਆਫਰ ਦੇ ਤਹਿਤ, ਵੈੱਬ ਚੈਕ-ਇਨ ਦੇ ਦੌਰਾਨ, ਔਰਤਾਂ ਦੁਆਰਾ ਪਹਿਲਾਂ ਹੀ ਬੁੱਕ ਕੀਤੀਆਂ ਗਈਆਂ ਸੀਟਾਂ ਦਿਖਾਈ ਦੇਣਗੀਆਂ, ਯਾਨੀ ਜੇਕਰ ਉਹ ਆਪਣੀ ਸੀਟ ਕਿਸੇ ਔਰਤ ਦੇ ਕੋਲ ਚਾਹੁੰਦੇ ਹਨ, ਤਾਂ ਹੁਣ ਉਨ੍ਹਾਂ ਨੂੰ ਅਜਿਹਾ ਕਰਨ ਦਾ ਵਿਕਲਪ ਮਿਲੇਗਾ। ਇੰਡੀਗੋ ਦੇ ਇਸ ਕਦਮ ਨਾਲ ਔਰਤਾਂ ਸਫਰ ਦੌਰਾਨ ਬਿਹਤਰ ਸੁਰੱਖਿਆ ਅਤੇ ਆਰਾਮ ਹਾਸਲ ਕਰ ਸਕਣਗੀਆਂ।ਇਹ ਸੇਵਾ ਖਾਸ ਤੌਰ 'ਤੇ ਔਰਤਾਂ ਲਈ ਤਿਆਰ ਕੀਤੀ ਗਈ ਹੈ। ਇਹ ਮਹਿਲਾ ਯਾਤਰੀਆਂ ਦੇ PNR ਦੀ ਮਦਦ ਨਾਲ ਚਲਾਇਆ ਜਾਵੇਗਾ। ਇਕੱਲੀਆਂ ਜਾਂ ਪਰਿਵਾਰ ਨਾਲ ਯਾਤਰਾ ਕਰਨ ਵਾਲੀਆਂ ਔਰਤਾਂ ਵੀ ਇਸ ਵਿਸ਼ੇਸ਼ ਸਹੂਲਤ ਦਾ ਲਾਭ ਲੈ ਸਕਣਗੀਆਂ। ਇੰਡੀਗੋ ਏਅਰਲਾਈਨ ਨੇ ਆਪਣੇ ਬਿਆਨ 'ਚ ਕਿਹਾ ਕਿ ਅਸੀਂ ਔਰਤਾਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਸੇਵਾ ਪ੍ਰਦਾਨ ਕਰਨਾ ਚਾਹੁੰਦੇ ਹਾਂ। ਇਹ ਸੇਵਾ ਗਰਲ ਪਾਵਰ ਦੇ ਸਾਡੇ ਉਦੇਸ਼ ਨੂੰ ਅੱਗੇ ਵਧਾਉਂਦੀ ਹੈ। ਫਿਲਹਾਲ ਇਹ ਪਾਇਲਟ ਪ੍ਰੋਜੈਕਟ ਹੈ। ਜੇਕਰ ਸਫਲ ਹੋ ਜਾਂਦਾ ਹੈ, ਤਾਂ ਅਸੀਂ ਇਸਨੂੰ ਸਥਾਈ ਤੌਰ 'ਤੇ ਲਾਗੂ ਕਰਾਂਗੇ। ਇਸ ਸੇਵਾ ਦਾ ਸਭ ਤੋਂ ਜ਼ਿਆਦਾ ਫਾਇਦਾ ਉਨ੍ਹਾਂ ਮਹਿਲਾ ਯਾਤਰੀਆਂ ਨੂੰ ਹੋਵੇਗਾ ਜੋ ਇਕੱਲੇ ਸਫਰ ਕਰਦੀਆਂ ਹਨ। ਉਹ ਮਹਿਲਾ ਯਾਤਰੀਆਂ ਦੇ ਨਾਲ ਬੈਠ ਕੇ ਜ਼ਿਆਦਾ ਆਰਾਮਦਾਇਕ ਅਤੇ ਸੁਰੱਖਿਅਤ ਮਹਿਸੂਸ ਕਰ ਸਕਣਗੀਆਂ। ਇਸ ਸੇਵਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇੰਡੀਗੋ ਨੇ ਮਾਰਕੀਟ ਰਿਸਰਚ ਵੀ ਕੀਤੀ ਸੀ। ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਕਿ ਮਹਿਲਾ ਯਾਤਰੀਆਂ ਨੂੰ ਹੋਰ ਆਰਾਮਦਾਇਕ ਸਫ਼ਰ ਕਿਵੇਂ ਦਿੱਤਾ ਜਾ ਸਕਦਾ ਹੈ।

ਇਸ ਦੇ ਨਾਲ ਹੀ ਇੰਡੀਗੋ ਨੇ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ 'ਤੇ ਵਿਸ਼ੇਸ਼ ਆਫਰ ਵੀ ਜਾਰੀ ਕੀਤੇ ਹਨ। ਇਸ 'ਚ ਕਿਰਾਇਆ 1199 ਰੁਪਏ ਤੋਂ ਸ਼ੁਰੂ ਹੋ ਰਿਹਾ ਹੈ। ਇਹ ਸੇਲ 29 ਮਈ ਤੋਂ ਸ਼ੁਰੂ ਹੋ ਕੇ 31 ਮਈ ਤੱਕ ਜਾਰੀ ਰਹੇਗੀ। ਇਸ ਸਮੇਂ ਦੌਰਾਨ, ਤੁਸੀਂ 1 ਜੁਲਾਈ ਤੋਂ 30 ਸਤੰਬਰ ਤੱਕ ਸਸਤੇ ਕਿਰਾਏ 'ਤੇ ਯਾਤਰਾ ਕਰ ਸਕੋਗੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੀ ਮਨਪਸੰਦ ਸੀਟ ਚੁਣਨ 'ਤੇ ਵੀ 20 ਫੀਸਦੀ ਦੀ ਛੋਟ ਮਿਲੇਗੀ। ਇੰਡੀਗੋ ਦੇ ਗਲੋਬਲ ਸੇਲਜ਼ ਹੈੱਡ ਵਿਨੈ ਮਲਹੋਤਰਾ ਨੇ ਦੱਸਿਆ ਕਿ ਇਸ ਵਿਸ਼ੇਸ਼ ਆਫਰ ਤਹਿਤ ਲੋਕ ਸਸਤੇ ਕਿਰਾਏ ਦਾ ਆਨੰਦ ਲੈ ਸਕਣਗੇ।




## ਭਗਵਾਨ ਜਗਨਨਾਥ ਦੀ ਚੰਦਨ ਯਾਤਰਾ ਦੌਰਾਨ ਹੋਇਆ ਧਮਾਕਾ, 2 ਦੀ ਮੌਤ ਤੇ 25 ਜ਼ਖਮੀ

ਓਡੀਸ਼ਾ ਦੇ ਪੁਰੀ 'ਚ ਨਰਿੰਦਰ ਟੈਂਕ ਨੇੜੇ ਬੁੱਧਵਾਰ ਨੂੰ ਆਤਿਸ਼ਬਾਜ਼ੀ ਦੌਰਾਨ ਪਟਾਕਿਆਂ ਦੇ ਫਟਣ ਨਾਲ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ 25 ਹੋਰ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਚਸ਼ਮਦੀਦਾਂ ਮੁਤਾਬਕ 21 ਦਿਨਾਂ ਦੀ ਚੰਦਨ ਯਾਤਰਾ ਦੀ ਸਮਾਪਤੀ ਮੌਕੇ ਆਤਿਸ਼ਬਾਜ਼ੀ ਕੀਤੀ ਗਈ ਸੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਹਾਦਸੇ ਦੇ ਸਮੇਂ ਨਰੇਂਦਰ ਪੁਸ਼ਕਾਰਿਣੀ ਸਰੋਵਰ ਦੇ ਕਿਨਾਰੇ ਸੈਂਕੜੇ ਲੋਕ ਰਸਮ ਦੇਖਣ ਲਈ ਇਕੱਠੇ ਹੋਏ ਸਨ। ਪੁਲਸ ਮੁਤਾਬਕ ਸ਼ਰਧਾਲੂਆਂ ਦਾ ਇਕ ਸਮੂਹ ਉਸ ਸਮੇਂ ਪਟਾਕੇ ਚਲਾ ਰਿਹਾ ਸੀ ਜਦੋਂ ਇਕ ਚੰਗਿਆੜੀ ਪਟਾਕਿਆਂ ਦੇ ਢੇਰ 'ਤੇ ਡਿੱਗ ਗਈ ਅਤੇ ਧਮਾਕਾ ਹੋ ਗਿਆ।ਪੁਲਸ ਨੇ ਦੱਸਿਆ ਕਿ ਸੜਦੇ ਪਟਾਕੇ ਮੌਕੇ 'ਤੇ ਇਕੱਠੇ ਹੋਏ ਲੋਕਾਂ 'ਤੇ ਡਿੱਗੇ ਅਤੇ ਉਨ੍ਹਾਂ 'ਚੋਂ ਕੁਝ ਨੇ ਆਪਣੇ ਆਪ ਨੂੰ ਬਚਾਉਣ ਲਈ ਜਲ ਭੰਡਾਰ 'ਚ ਛਾਲ ਮਾਰ ਦਿੱਤੀ। ਨੇੜੇ ਕੋਈ ਐਂਬੂਲੈਂਸ ਨਾ ਹੋਣ ਕਾਰਨ ਲੋਕ ਜ਼ਖ਼ਮੀਆਂ ਨੂੰ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ (ਡੀ.ਐਚ.ਐਚ.) ਲੈ ਗਏ। ਹਾਲਾਂਕਿ, ਕਿਉਂਕਿ ਇਸ ਹਸਪਤਾਲ ਵਿੱਚ ਜਲਣ ਦੇ ਇਲਾਜ ਲਈ ਸਹੂਲਤਾਂ ਨਹੀਂ ਸਨ, ਉਨ੍ਹਾਂ ਵਿੱਚੋਂ ਲਗਭਗ 15 ਨੂੰ ਕਟਕ ਦੇ ਐਸਸੀਬੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਰੈਫਰ ਕੀਤਾ ਗਿਆ ਸੀ। ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਖ਼ਮੀ ਮਰੀਜ਼ਾਂ ਨੂੰ ਕਟਕ ਲਿਜਾਣ ਲਈ ਦੋ ਦਰਜਨ ਦੇ ਕਰੀਬ ਐਂਬੂਲੈਂਸਾਂ ਦਾ ਪ੍ਰਬੰਧ ਕੀਤਾ।



ਕਲੈਕਟਰ ਸਿਧਾਰਥ ਸ਼ੰਕਰ ਸਵੈਨ ਨੇ ਕਿਹਾ ਕਿ ਪਟਾਕੇ ਦੇ ਧਮਾਕੇ ਵਿੱਚ 25 ਲੋਕ ਜ਼ਖਮੀ ਹੋਏ ਹਨ ਅਤੇ ਉਨ੍ਹਾਂ ਨੂੰ ਇਲਾਜ ਲਈ ਐਸਸੀਬੀ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਭੇਜ ਦਿੱਤਾ ਗਿਆ ਹੈ। ਹਾਲਾਂਕਿ ਉਸਨੇ ਕਿਸੇ ਜਾਨੀ ਨੁਕਸਾਨ ਦਾ ਜ਼ਿਕਰ ਨਹੀਂ ਕੀਤਾ, ਪਰ ਅਪੁਸ਼ਟ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਡੀਐਚਐਚ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ। ਸਥਾਨਕ ਵਿਧਾਇਕ ਜਯੰਤ ਕੁਮਾਰ ਸਾਰੰਗੀ ਨੇ ਹਸਪਤਾਲ ਦਾ ਦੌਰਾ ਕੀਤਾ ਅਤੇ ਪੀੜਤਾਂ ਨੂੰ ਐਸਯੂਐਮ ਅਤੇ ਹੋਰ ਹਸਪਤਾਲਾਂ ਵਿੱਚ ਤਬਦੀਲ ਕਰਨ ਵਿੱਚ ਮਦਦ ਕੀਤੀ। ਮੁੱਖ ਮੰਤਰੀ ਨਵੀਨ ਪਟਨਾਇਕ ਨੇ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਖਮੀਆਂ ਦਾ ਸਹੀ ਇਲਾਜ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਲਾਜ ਦਾ ਖਰਚਾ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਚੁੱਕਿਆ ਜਾਵੇਗਾ।

## UP ਦੇ CM ਯੋਗੀ ਆਦਿਤਿਆਨਾਥ ਅੱਜ ਹਿਮਾਚਲ ਦੇ ਮੰਡੀ ਅਤੇ ਹਮੀਰਪੁਰ 'ਚ ਕਰਨਗੇ ਜਨ ਸਭਾਵਾਂ



ਅੱਜ ਹਿਮਾਚਲ ਵਿੱਚ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਉੱਤਰਾਖੰਡ ਦੇ ਸੀਐਮ ਪੁਸ਼ਕਰ ਸਿੰਘ ਧਾਮੀ ਅਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਚੋਣ ਮਾਹੌਲ ਨੂੰ ਗਰਮਾਉਣਗੇ। ਯੋਗੀ ਆਦਿਤਿਆਨਾਥ ਮੰਡੀ ਅਤੇ ਹਮੀਰਪੁਰ ਲੋਕ ਸਭਾ ਹਲਕਿਆਂ 'ਚ ਦੋ ਜਨ ਸਭਾਵਾਂ ਕਰਨਗੇ।ਯੋਗੀ ਦੀ ਪਹਿਲੀ ਜਨ ਸਭਾ ਕੁੱਲੂ ਦੇ ਢਾਲਪੁਰ ਮੈਦਾਨ 'ਚ ਸਵੇਰੇ 11:45 ਵਜੇ ਹੋਣੀ ਹੈ। ਕੁੱਲੂ ਜ਼ਿਲ੍ਹੇ ਦੀਆਂ ਪੰਜ ਵਿਧਾਨ ਸਭਾ ਸੀਟਾਂ ਤੋਂ ਇੱਥੇ ਭੀੜ ਇਕੱਠੀ ਹੋ ਰਹੀ ਹੈ। ਯੋਗੀ ਰਥ ਮੈਦਾਨ ਢਾਲਪੁਰ ਵਿਖੇ ਪਾਰਟੀ ਉਮੀਦਵਾਰ ਕੰਗਨਾ ਰਣੌਤ ਲਈ ਜਨਤਕ ਸਮਰਥਨ ਇਕੱਠਾ ਕਰਨਗੇ। ਕੁੱਲੂ ਤੋਂ ਬਾਅਦ ਯੂਪੀ ਦੇ ਮੁੱਖ ਮੰਤਰੀ ਹਮੀਰਪੁਰ ਸੰਸਦੀ ਹਲਕੇ ਵਿੱਚ ਪਾਰਟੀ ਉਮੀਦਵਾਰ ਅਨੁਰਾਗ ਠਾਕੁਰ ਦੇ ਹੱਕ ਵਿੱਚ ਜਨਸਭਾ ਕਰਨਗੇ। ਪਾਰਟੀ ਨੇ ਬਡਸਰ ਦੇ ਬਿਜਰੀ ਤਾਲ ਸਟੇਡੀਅਮ 'ਚ ਯੋਗੀ ਦੀ ਜਨ ਸਭਾ ਦਾ ਆਯੋਜਨ ਕੀਤਾ ਹੈ। ਇੱਥੇ ਯੋਗੀ ਆਦਿਤਿਆਨਾਥ ਕਾਂਗਰਸ ਅਤੇ ਗਠਜੋੜ 'ਤੇ ਹਮਲਾ ਕਰਦੇ ਨਜ਼ਰ ਆਉਣਗੇ। ਇਸ ਤੋਂ ਬਾਅਦ ਯੂਪੀ ਦੇ ਸੀਐਮ ਹਿਮਾਚਲ ਤੋਂ ਵਾਪਸ ਪਰਤਣਗੇ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਕਾਰਸੋਗ ਬਾਜ਼ਾਰ ਵਿੱਚ ਕੰਗਨਾ ਰਣੌਤ ਲਈ ਇੱਕ ਜਨਤਕ ਮੀਟਿੰਗ ਕਰਨਗੇ। ਗਡਕਰੀ ਬੀਤੀ ਸ਼ਾਮ ਕੁੱਲੂ ਵਿੱਚ ਰੁਕੇ ਹੋਏ ਹਨ। ਅੱਜ ਕਾਰਸੋਗ ਵਿੱਚ ਜਨ ਸਭਾ ਤੋਂ ਬਾਅਦ ਉਹ ਨਾਗਪੁਰ ਵੀ ਪਰਤਣਗੇ। ਉਧਰ ਉੱਤਰਾਖੰਡ ਦੇ ਸੀਐਮ ਧਾਮੀ ਅੱਜ ਸ਼ਿਮਲਾ ਵਿੱਚ ਪ੍ਰੈੱਸ ਕਾਨਫਰੰਸ ਕਰਨਗੇ ਅਤੇ ਸੱਤਾਧਾਰੀ ਕਾਂਗਰਸ ਅਤੇ ਭਾਰਤ ਗਠਜੋੜ 'ਤੇ ਸ਼ਬਦੀ ਹਮਲੇ ਕਰਨਗੇ। ਹਿਮਾਚਲ 'ਚ ਅੱਜ ਸ਼ਾਮ 6 ਵਜੇ ਚੋਣ ਪ੍ਰਚਾਰ ਦਾ ਸ਼ੋਰ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਇਸ ਲਈ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਭਾਜਪਾ ਦੇ ਸਟਾਰ ਪ੍ਰਚਾਰਕ ਦੇ ਨਾਲ-ਨਾਲ ਸਥਾਨਕ ਆਗੂ ਵੀ ਪ੍ਰਚਾਰ ਨੂੰ ਤੇਜ਼ ਕਰਨਗੇ।

## ਐਡਲਵਾਈਸ ਗਰੁੱਪ ਨੂੰ ਵੱਡਾ ਝਟਕਾ, RBI ਨੇ 2 ਕੰਪਨੀਆਂ 'ਤੇ ਲਾਈਆਂ ਪਾਬੰਦੀਆਂ

ਦੇਸ਼ ਦੇ ਫਾਈਨਾਂਸ ਸੈਕਟਰ 'ਚ ਕੰਮ ਕਰਨ ਵਾਲੇ ਐਡਲਵਾਈਸ ਗਰੁੱਪ ਲਈ ਬੁੱਧਵਾਰ ਦਾ ਦਿਨ ਉਥਲ-ਪਿਥਲ ਵਾਲਾ ਰਿਹਾ। ਰੈਗੂਲੇਟਰ ਰਿਜ਼ਰਵ ਬੈਂਕ ਆਫ ਇੰਡੀਆ (ਆਰ. ਬੀ. ਆਈ.) ਨੇ ਗਰੁੱਪ ਨੂੰ ਵੱਡਾ ਝਟਕਾ ਦਿੰਦੇ ਹੋਏ ਇਸ ਦੀਆਂ 2 ਪ੍ਰਮੁੱਖ ਕੰਪਨੀਆਂ ਈ. ਸੀ. ਐੱਲ. ਫਾਈਨਾਂਸ ਅਤੇ ਐਡਲਵਾਈਸ ਏਸੈੱਟ ਰੀਕੰਸਟ੍ਰਕਸ਼ਨ 'ਤੇ ਕਈ ਪਾਬੰਦੀਆਂ ਲਾ ਦਿੱਤੀਆਂ। ਦਰਅਸਲ, ਕੇਂਦਰੀ ਬੈਂਕ ਨੇ ਸਰਫਾਏਸੀ ਐਕਟ (ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰੱਕਸ਼ਨ ਆਫ ਫਾਈਨਾਂਸ਼ੀਅਲ ਏਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ 2002) ਦੇ ਤਹਿਤ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇਹ ਪਾਬੰਦੀਆਂ ਲਾਈਆਂ ਹਨ। ਉੱਥੇ ਹੀ, ਆਰ. ਬੀ. ਆਈ. ਐਕਟ 1934 ਤਹਿਤ ਵੀ ਉਸ ਨੂੰ ਅਜਿਹੀਆਂ ਕਈ ਸ਼ਕਤੀਆਂ ਪ੍ਰਾਪਤ ਹਨ।ਆਰ. ਬੀ. ਆਈ. ਨੇ ਐਡਲਵਾਈਸ ਗਰੁੱਪ ਦੀਆਂ ਇਨ੍ਹਾਂ ਕੰਪਨੀਆਂ ਦੇ ਕਾਰੋਬਾਰ 'ਤੇ ਕਈ ਪਾਬੰਦੀਆਂ ਲਾਈਆਂ ਹਨ। ਇਸ 'ਚ ਈ. ਸੀ. ਐੱਲ. ਫਾਈਨੈਂਸ ਲਿਮਟਿਡ ਨੂੰ ਆਪਣੇ ਥੋਕ ਕਾਰੋਬਾਰ ਦੇ ਸਬੰਧ 'ਚ ਤੁਰੰਤ ਪ੍ਰਭਾਵ ਨਾਲ ਕਿਸੇ ਵੀ ਤਰ੍ਹਾਂ ਦੇ ਢਾਂਚਾਗਤ ਲੈਣ-ਦੇਣ ਨੂੰ ਸਵੀਕਾਰ ਕਰਨ ਤੋਂ ਰੋਕ ਦਿੱਤਾ ਗਿਆ ਹੈ। ਹਾਲਾਂਕਿ, ਆਮ ਤੌਰ 'ਤੇ ਕੰਪਨੀ ਖਾਤਿਆਂ ਨੂੰ ਬੰਦ ਕਰਨ ਜਾਂ ਕਰਜ਼ੇ ਦੀ ਅਦਾਇਗੀ ਕਰਨ ਤੋਂ ਇਲਾਵਾ ਹੋਰ ਕੰਮ ਕਰ ਸਕਦੀ ਹੈ।



# ਲੋਕ ਸਭਾ ਚੋਣਾਂ ਨੂੰ ਲੈ ਕੇ ਅੱਜ ਰੁੱਕ ਜਾਵੇਗਾ ਚੋਣ ਪ੍ਰਚਾਰ, ਵੱਖ-ਵੱਖ ਪਾਬੰਦੀਆਂ ਵੀ ਹੋ ਜਾਣਗੀਆਂ ਲਾਗੂ



ਪਿਛਲੇ ਮਹੀਨੇ ਤੋਂ ਲੋਕ ਸਭਾ ਚੋਣਾਂ ਨੂੰ ਲੈ ਕੇ ਜ਼ਿਲੇ ’ਚ ਹੋ ਰਹੀ ਗਹਿਮਾ-ਗਹਿਮੀ ਅੱਜ ਰੁੱਕ ਜਾਵੇਗੀ ਕਿਉਂਕਿ 1 ਜੂਨ ਨੂੰ ਚੋਣਾਂ ਨੂੰ ਲੈ ਕੇ ਹੋਣ ਜਾ ਰਹੀ ਵੋਟਿੰਗ ਲਈ ਅੱਜ ਸ਼ਾਮ 6 ਵਜੇ ਤੋਂ ਚੋਣ ਪ੍ਰਚਾਰ ਰੁੱਕ ਜਾਵੇਗਾ। ਇਸ ਉਪਰੰਤ ਕੋਈ ਵੀ ਸਿਆਸੀ ਪਾਰਟੀ ਰੈਲੀ, ਜਲਸਾ, ਲਾਊਡ ਸਪੀਕਰ, ਪ੍ਰਚਾਰ ਵਾਹਨ ਤੇ ਹੋਰ ਪ੍ਰਚਾਰ ਤਰੀਕਿਆਂ ਦੀ ਵਰਤੋਂ ਨਹੀਂ ਕਰ ਸਕੇਗੀ। ਸਿਰਫ਼ ਸਿਆਸੀ ਪਾਰਟੀ 4 ਲੋਕਾਂ ਨੂੰ ਨਾਲ ਲੈ ਕੇ ਡੋਰ ਟੂ ਡੋਰ ਪ੍ਰਚਾਰ ਕਰ ਸਕੇਗੀ। ਜ਼ਿਲਾ ਪ੍ਰਸ਼ਾਸਨ ਨੇ ਵੀ ਚੋਣ ਜ਼ਾਬਤੇ ਤੇ ਨਿਯਮਾਂ ਨੂੰ ਲਾਗੂ ਕਰਨ ਲਈ ਕਮਰ ਕੱਸ ਲਈ ਹੈ ਤੇ ਵੋਟਿੰਗ ਨੂੰ ਲੈ ਕੇ ਵੋਟਾਂ ਦੀ ਗਿਣਤੀ ਤਕ ਕਈ ਪਾਬੰਦੀਆਂ ਦੇ ਹੁਕਮ ਵੀ ਜਾਰੀ ਕੀਤੇ ਹਨ ਤਾਂ ਜੋ ਸਮੁੱਚੀ ਚੋਣ ਪ੍ਰਕਿਰਿਆ ਨਿਰਵਿਘਨ ਤਰੀਕੇ ਨਾਲ ਸੰਪੰਨ ਹੋ ਸਕੇ।

ਇਸ ਦੌਰਾਨ ਪਾਬੰਦੀਆਂ ਦੀ ਉਲੰਘਣਾ ਕਰਨ ਵਾਲਿਆਂ ’ਤੇ ਬਣਦੀ ਸਖ਼ਤ ਕਾਰਵਾਈ ਕਰਨ ਤੋਂ ਵੀ ਗੁਰੇਜ਼ ਨਾ ਕੀਤਾ ਜਾਵੇਗਾ। 30 ਮਈ ਸ਼ਾਮ ਨੂੰ ਚੋਣ ਪ੍ਰਚਾਰ ’ਤੇ ਪਾਬੰਦੀ ਲੱਗਣ ਕਾਰਨ ਸਿਆਸੀ ਪਾਰਟੀਆਂ ਦਾ ਦਿਨ ਭਰ ਪੂਰਾ ਜ਼ੋਰ ਵੋਟਰਾਂ ਨੂੰ ਲੁਭਾਉਣ ’ਚ ਲੱਗਾ ਰਹੇਗਾ।ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲਾ ਮੈਜਿਸਟਰੇਟ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲੇ ’ਚ ਧਾਰਾ 144 ਲਗਾ ਦਿੱਤੀ ਹੈ। ਜ਼ਿਲਾ ਮੈਜਿਸਟਰੇਟ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ 1 ਜੂਨ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਤੇ ਆਜ਼ਾਦ ਤੇ ਨਿਰਪੱਖ ਵੋਟਿੰਗ ਲਈ ਅਨੁਕੂਲ ਮਾਹੌਲ ਬਣਾਉਣ ਲਈ ਵੱਖ-ਵੱਖ ਹੁਕਮ ਜਾਰੀ ਕੀਤੇ ਗਏ ਹਨ।ਡਾ. ਹਿਮਾਂਸ਼ੂ ਨੇ ਫੌਜਦਾਰੀ ਜ਼ਾਬਤੇ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲਾ ਜਲੰਧਰ ਦੇ ਅਧਿਕਾਰ ਖ਼ੇਤਰ ’ਚ 48 ਘੰਟਿਆਂ ਦੌਰਾਨ 30 ਮਈ ਨੂੰ ਸ਼ਾਮ 6 ਵਜੇ ਤੋਂ 1 ਜੂਨ ਨੂੰ ਵੋਟਾਂ ਦੀ ਸਮਾਪਤੀ ਤਕ 5 ਤੋਂ ਜ਼ਿਆਦਾ ਲੋਕਾਂ ਦੀ ਪਬਲਿਕ ਮੀਟਿੰਗ ’ਤੇ ਪਾਬੰਦੀ ਲਗਾਈ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ 48 ਘੰਟਿਆਂ ਦੌਰਾਨ ਸਿਰਫ਼ 4 ਵਿਅਕਤੀਆਂ ਦੇ ਸੀਮਤ ਗਰੁੱਪ ਨਾਲ ਡੋਰ ਟੂ ਡੋਰ ਮੁਹਿੰਮ ਤਹਿਤ ਘਰ-ਘਰ ਜਾਣ ’ਤੇ ਪਾਬੰਦੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸਾਰੇ ਸਿਆਸੀ ਆਗੂ, ਪਾਰਟੀ ਵਰਕਰ, ਜੋ ਲੋਕ ਸਭਾ ਹਲਕਾ ਜਲੰਧਰ ਦੇ ਰਜਿਸਟਰਡ ਵੋਟਰ ਨਹੀਂ ਹਨ, ਉਨ੍ਹਾਂ ਨੂੰ ਇਸ ਨਿਰਧਾਰਿਤ ਸਮਾਂ ਮਿਆਦ ਤੱਕ ਜਲੰਧਰ ਜ਼ਿਲੇ ਨੂੰ ਛੱਡ ਕੇ ਵਾਪਸ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਵੋਟਿੰਗ ਦੇ ਦਿਨ ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਘੇਰੇ ਅੰਦਰ ਚੋਣ ਪ੍ਰਚਾਰ ਨਹੀਂ ਕਰੇਗੀ।ਲੋਕ ਸਭਾ ਚੋਣਾਂ ਦੌਰਾਨ ਭਿਆਨਕ ਗਰਮੀ ਨੂੰ ਦੇਖਦਿਆਂ ਜ਼ਿਲਾ ਪ੍ਰਸ਼ਾਸਨ ਨੇ ਵੋਟਰਾਂ ਨੂੰ ਘਰ ਬੈਠੇ ਹੀ ਵੋਟਿੰਗ ਕੇਂਦਰ ’ਤੇ ਲੱਗਣ ਵਾਲੀ ਲਾਈਨ/ਭੀੜ ਦੀ ਜਾਣਕਾਰੀ ਉਪਲੱਬਧ ਕਰਵਾਉਣ ਦੀ ਅਹਿਮ ਪਹਿਲ ਕੀਤੀ ਹੈ। ਜ਼ਿਲਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਨੇ ਸਾਰੇ 1951 ਵੋਟਿੰਗ ਕੇਂਦਰਾਂ ’ਤੇ ਚੋਣ ਮਿੱਤਰਾਂ ਨੂੰ ਤਾਇਨਾਤ ਕੀਤਾ ਹੈ, ਜੋ ਵੋਟਿੰਗ ਕੇਂਦਰ ’ਤੇ ਵੋਟ ਦੇਣ ਲਈ ਲਾਈਨ ’ਚ ਖੜ੍ਹੇ ਲੋਕਾਂ ਦੀ ਜਾਣਕਾਰੀ ਹਰ 15 ਮਿੰਟ ’ਚ ਵੈੱਬਸਾਈਟ ’ਤੇ ਅਪਡੇਟ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਵੈੱਬਸਾਈਟ ਜ਼ਿਲਾ ਪ੍ਰਸ਼ਾਸਨ ਤੇ ਐੱਨ. ਆਈ. ਟੀ. ਦੀ ਹੈ, ਜਿਸ ਨੂੰ ਜਲੰਧਰ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਮਿਲ ਕੇ ਤਿਆਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਵੈੱਬਸਾਈਟ ਦਾ ਮੁੱਖ ਉਦੇਸ਼ ਲੋਕਾਂ ਦਾ ਸਮਾਂ ਬਚਾਉਣਾ ਹੈ ਤਾਂ ਜੋ ਉਨ੍ਹਾਂ ਨੂੰ ਵੋਟ ਪਾਉਣ ਲਈ ਲੰਮੀ ਉਡੀਕ ਨਾ ਕਰਨੀ ਪਵੇ। ਜਲੰਧਰ ਦੇ ਵੋਟਰ ਇਸ ਵੈੱਬਸਾਈਟ ’ਤੇ ਜਾ ਕੇ ਆਪਣੇ ਚੋਣ ਹਲਕੇ ਤੇ ਵੋਟਿੰਗ ਕੇਂਦਰ ਨੰਬਰ ਦਰਜ ਕਰਕੇ ਲਾਈਨ ’ਚ ਖੜ੍ਹੇ ਲੋਕਾਂ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਚੋਣ ਕਮਿਸ਼ਨ ਵਲੋਂ ਲੋਕਾਂ ਲਈ ਵੋਟਰ ਕਿਊ ਇਨਫਾਰਮੇਸ਼ਨ ਜਾਰੀ ਕੀਤਾ ਿ ਗਆ ਹੈ। ਇਸ ਦੀ ਵਰਤੋਂ ਕਰਨ ਲਈ ਵੋਟਰਾਂ ਨੂੰ ਵ੍ਹਟਸਐਪ ਨੰਬਰ 7447447217 ’ਤੇ ‘ਵੋਟ’ ਟਾਈਪ ਕਰਕੇ ਸੰਦੇਸ਼ ਭੇਜਣਾ ਹੋਵੇਗਾ, ਜਿਸ ਤੋਂ ਬਾਅਦ ਇਕ ਲਿੰਕ ਪ੍ਰਾਪਤ ਹੋਵੇਗਾ, ਜਿਸ ਨੂੰ ਕਲਿੱਕ ਕਰਨ ’ਤੇ 2 ਬਦਲ ਮਿਲਣਗੇ, 1- ਲੋਕੇਸ਼ਨ ਵਾਈਜ਼, 2- ਬੂਥ ਵਾਈਜ਼। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਜਿਥੇ ਵੋਟਿੰਗ ਦੇ ਦਿਨ ਵੋਟਰਾਂ ਨੂੰ ਗਰਮੀ ਤੋਂ ਬਚਾਉਣ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ, ਉਥੇ ਹੀ ਦੂਜੇ ਪਾਸੇ ਵੋਟਰ ਕਿਊ ਸਿਸਟਮ ਨਾਲ ਵੋਟਰ ਬੂਥ ’ਤੇ ਉਸ ਸਮੇਂ ਵੋਟ ਪਾ ਸਕਣਗੇ, ਜਦੋਂ ਬੂਥ ’ਤੇ ਭੀੜ ਨਾ ਹੋਵੇ।

# ਸੰਗਰੂਰ ‘ਚ ਕੇਜਰੀਵਾਲ ਤੇ ਭਗਵੰਤ ਮਾਨ ਦਾ ਕਰਨਗੇ ਚੋਣ ਪ੍ਰਚਾਰ, ਮੀਤ ਹੇਅਰ ਲਈ ਮੰਗਣਗੇ ਵੋਟਾਂ



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਸੰਗਰੂਰ ਸ਼ਹਿਰ ਵਿੱਚ ‘ਆਪ’ ਉਮੀਦਵਾਰ ਮੀਤ ਹੇਅਰ ਦੇ ਹੱਕ ਵਿੱਚ ਰੋਡ ਸ਼ੋਅ ਕਰਨਗੇ। ਮੀਤ ਹੇਅਰ ਨੇ ਦੱਸਿਆ ਕਿ ਇਹ ਰੋਡ ਸ਼ੋਅ ਸੰਗਰੂਰ ਦੇ ਅਗਰਸੈਨ ਚੌਕ ਤੋਂ ਸਵੇਰੇ 10 ਵਜੇ ਸ਼ੁਰੂ ਹੋ ਕੇ ਬੱਸ ਸਟੈਂਡ ਵਿਖੇ ਸਮਾਪਤ ਹੋਵੇਗਾ। ਦੱਸ ਦੇਈਏ ਕਿ ਪੰਜਾਬ ਵਿੱਚ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਹੁਣ ਸਿਰਫ਼ 2 ਦਿਨ ਬਾਕੀ ਹਨ। ਚੋਣ ਪ੍ਰਚਾਰ ਅੱਜ ਯਾਨੀ ਵੀਰਵਾਰ ਯਾਨੀ 30 ਮਈ ਨੂੰ ਸ਼ਾਮ 6 ਵਜੇ ਖ਼ਤਮ ਹੋ ਜਾਵੇਗਾ। ਇਸ ਤੋਂ ਬਾਅਦ ਹਰ ਉਮੀਦਵਾਰ ਘਰ-ਘਰ ਜਾ ਕੇ ਹੀ ਵੋਟ ਮੰਗ ਸਕੇਗਾ।ਉਮੀਦਵਾਰਾਂ ਨੂੰ ਘਰ-ਘਰ ਜਾ ਕੇ ਹੀ ਵੋਟ ਮੰਗਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ। ਅਜਿਹੇ ‘ਚ ਹਰ ਉਮੀਦਵਾਰ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦਾ ਕਿਉਂਕਿ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਆਪਣੇ ਆਖਰੀ ਪੜਾਅ ‘ਤੇ ਹੈ। ਅੱਜ ਯਾਨੀ ਵੀਰਵਾਰ ਸ਼ਾਮ 6 ਵਜੇ ਸ਼ੋਰ ਬੰਦ ਹੋ ਜਾਵੇਗਾ।


# ਅਕਾਲੀ ਦਲ ਦਾ ਸਿਆਸੀ ਖਾਤਮਾ ਹੋਇਆ, ਬਠਿੰਡਾ ਸੀਟ ਵੀ ਨਹੀਂ ਮਿਲੇਗੀ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਤੇ ਹਰਸਿਮਰਤ ਬਾਦਲ ਦਾ ਬਠਿੰਡਾ ਸਮੇਤ ਪੂਰੇ ਪੰਜਾਬ ’ਚ ਸਿਆਸੀ ਖਾਤਮਾ ਹੋ ਚੁੱਕਾ ਹੈ। ਉਹ ਹੁਣ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਸੁਖਬੀਰ ਨੇ ਤਾਂ ਆਪਣੇ ਸਾਲੇ ਆਦੇਸ਼ ਪ੍ਰਤਾਪ ਨੂੰ ਵੀ ਪਾਰਟੀ ਤੋਂ ਬਾਹਰ ਕੱਢ ਦਿੱਤਾ ਹੈ। ਅਕਾਲੀ ਦਲ ਦੀ ਹਾਲਤ ਖਸਤਾ ਹੈ। ਕਾਂਗਰਸ ਵਾਲੇ ਤਾਂ ਇਕ-ਦੂਜੇ ਨੂੰ ਹਰਾਉਣ ’ਚ ਲੱਗੇ ਹੋਏ ਹਨ। ਉਹ ਸ੍ਰੀ ਅਨੰਦਪੁਰ ਸਾਹਿਬ ’ਚ ‘ਆਪ’ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੇ ਹੱਕ ’ਚ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਤਲਵਾਰਾਂ ਨਾਲ ਨਹੀਂ ਸਗੋਂ ਵੋਟਾਂ ਨਾਲ ਲੜਾਈ ਲੜੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਮੇਰੇ ਲਈ ਸਭ ਥਾਵਾਂ ’ਤੇ ਪ੍ਰਚਾਰ ਲਈ ਜਾਣਾ ਸੰਭਵ ਨਹੀਂ ਹੈ। ਮੈਂ ਜਿੱਥੇ ਵੀ ਜਾ ਰਿਹਾ ਹਾਂ, ਉੱਥੇ ਪੰਜਾਬੀਆਂ ਦੇ ਬੱਚਿਆਂ ਦੇ ਭਵਿੱਖ ਨੂੰ ਵੇਖਦੇ ਹੋਏ ਵੋਟਾਂ ਮੰਗਣ ਲਈ ਜਾ ਰਿਹਾ ਹਾਂ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ’ਚ ਉਨ੍ਹਾਂ ਦੀਆਂ 106 ਰੈਲੀਆਂ ਹੋ ਚੁੱਕੀਆਂ ਹਨ। ਸੁਖਬੀਰ ਬਾਦਲ ਨੇ ਆਪਣੀ ਜੀਪ ’ਤੇ ਛੱਤ ਪਾਈ ਹੋਈ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਅਧਿਕਾਰੀਆਂ ਕੋਲੋਂ ਪੁੱਛਦੇ ਹਨ ਕਿ ਅੱਜ ਤਾਪਮਾਨ ਕਿੰਨਾ ਹੈ। ਜਦੋ ਉਨ੍ਹਾਂ ਨੂੰ 45 ਡਿਗਰੀ ਤਾਪਮਾਨ ਦੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਉਹ ਜਵਾਬ ਦਿੰਦੇ ਹਨ ਕਿ ਇਹ ਤਾਂ ਬਹੁਤ ਵੱਧ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਇਹ ਰੈਲੀਆਂ ਵੀ ਆਮ ਆਦਮੀ ਪਾਰਟੀ ਦੀ ਰੈਲੀਆਂ ਨੂੰ ਵੇਖਦੇ ਹੋਏ ਕੀਤੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਵੇ ਦੀਆਂ ਰਿਪੋਰਟਾਂ ਆਮ ਆਦਮੀ ਪਾਰਟੀ ਦੇ ਪੱਖ ’ਚ ਹਨ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਪੰਜਾਬੀਆਂ ਲਈ ਲੜਾਈ ਲੜ ਰਹੇ ਹਨ। ਕਦੇ ਰਾਜਪਾਲ ਨਾਲ ਲੜਦੇ ਹਨ ਅਤੇ ਕਦੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਸੁਪਰੀਮ ਕੋਰਟ ’ਚ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਨਤਾ ਨੂੰ ਇਧਰ-ਉਧਰ ਵੋਟ ਪਾਉਣ ਦਾ ਕੋਈ ਫਾਇਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਉਮੀਦਵਾਰ ਵਿਜੇਂਦਰ ਸਿੰਗਲਾ ਸੰਗਰੂਰ ਤੋਂ ਆਏ ਹਨ। ਵਿਧਾਨ ਸਭਾ ਚੋਣਾਂ ’ਚ ‘ਆਪ’ਵਿਧਾਇਕਾ ਨੇ ਉਸ ਨੂੰ ਹਰਾ ਦਿੱਤਾ ਸੀ। ਹੁਣ ਉਹ ਸੰਗਰੂਰ ’ਚ ਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਕਾਂਗਰਸ ਵਰਗੀਆਂ ਪਾਰਟੀਆਂ ’ਚ ਪਰਿਵਾਰਵਾਦ ਹਾਵੀ ਰਿਹਾ। ਇਨ੍ਹਾਂ ਪਾਰਟੀਆਂ ’ਚ ਕਦੇ ਵੀ ਆਮ ਵਰਕਰ ਨੂੰ ਚੇਅਰਮੈਨ ਬਣਨ ਦਾ ਮੌਕਾ ਵੀ ਨਹੀਂ ਮਿਲਦਾ। ਆਮ ਆਦਮੀ ਪਾਰਟੀ ’ਚ ਸਭ ਦਾ ਚਾਂਸ ਲੱਗੇਗਾ। ਸਰਕਾਰ ’ਚ ਵੀ ਉਨ੍ਹਾਂ ਦੀ ਹਿੱਸੇਦਾਰੀ ਰਹੇਗੀ। ਉਨ੍ਹਾਂ ਕਿਹਾ ਕਿ ਕੇਂਦਰ ’ਚ ‘ਇੰਡੀਆ’ਗਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ। ਕੇਂਦਰ ’ਚ ਮੋਦੀ ਦੁਬਾਰਾ ਨਹੀਂ ਆ ਰਹੇ। ਕੇਂਦਰ ’ਚ ਅਗਲੀ ਸਰਕਾਰ ’ਚ ਸਭ ਤੋਂ ਵੱਧ ਯੋਗਦਾਨ ਪੰਜਾਬੀਆਂ ਦਾ ਰਹੇਗਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਇਸ ਵਾਰ ਆਮ ਆਦਮੀ ਪਾਰਟੀ ਦੇ ਹੱਕ ’ਚ ਇਕਤਰਫਾ ਫਤਵਾ ਦੇਣਾ ਹੈ। ਮੁੱਖ ਮੰਤਰੀ ਨੇ ਬਾਅਦ ’ਚ ਨੰਗਲ ਅਤੇ ਬਲਾਚੌਰ ’ਚ ਵੀ ਮਾਲਵਿੰਦਰ ਸਿੰਘ ਕੰਗ ਦੇ ਪੱਖ ’ਚ ਰੋਡ ਸ਼ੋਅ ਕੱਢਿਆ।

# ਉਮੀਦਵਾਰਾਂ ਦੇ ਹੱਕ ’ਚ ਪ੍ਰਚਾਰ ਲਈ ਆਏ ਬਾਹਰਲੇ ਵਿਅਕਤੀਆਂ ਨੂੰ ਜ਼ਿਲ੍ਹਾ ਛੱਡਣ ਦੇ ਹੁਕਮ ਜਾਰੀ




ਆਸ਼ਿਕਾ ਜੈਨ ਜ਼ਿਲ੍ਹਾ ਮੈਜਿਸਟਰੇਟ ਮੋਹਾਲੀ ਨੇ ਲੋਕ ਸਭਾ ਚੋਣਾਂ-2024 ਲਈ ਚੋਣ ਲੜ ਰਹੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਲਈ ਆਏ ਬਾਹਰਲੇ ਵਿਅਕਤੀਆਂ, ਰਿਸ਼ੇਤਾਦਾਰਾਂ ਅਤੇ ਸਮੱਰਥਕਾਂ (ਜੇਕਰ ਉਹ ਇਸ ਜ਼ਿਲ੍ਹੇ ਦੇ ਵੋਟਰ ਨਹੀਂ ਹਨ) ਲਈ 30 ਮਈ, 2024 ਨੂੰ ਸ਼ਾਮ 6 ਵਜੇ ਚੋਣ ਪ੍ਰਚਾਰ ਖ਼ਤਮ ਹੋਣ ਤੋਂ ਤੁਰੰਤ ਬਾਅਦ ਜ਼ਿਲ੍ਹਾ ਮੋਹਾਲੀ ਤੋਂ ਬਾਹਰ ਚਲੇ ਜਾਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਲੋਕ ਸਭਾ ਚੋਣਾਂ-2024 ਮਿਤੀ 1 ਜੂਨ 2024 ਨੂੰ ਪੰਜਾਬ ਰਾਜ ਵਿਚ ਹੋਣੀਆਂ ਨਿਯਤ ਹੋਈਆਂ ਹਨ। ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 126 ਵਿਚ ਕੀਤੀ ਗਈ ਵਿਵਸਥਾ ਅਨੁਸਾਰ ਚੋਣ ਲੜ ਰਹੇ ਉਮੀਦਵਾਰਾਂ ਦੇ ਸਮੱਰਥਕ, ਰਿਸ਼ਤੇਦਾਰ ਅਤੇ ਉਨ੍ਹਾਂ ਨਾਲ ਹਮਦਰਦੀ ਰੱਖਣ ਵਾਲੇ ਵਿਅਕਤੀ ਜੋ ਇਸ ਤੋਂ ਪਹਿਲਾਂ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਕਰਨ ਲਈ ਆਏ ਹਨ, ਉਨ੍ਹਾਂ ਨੂੰ 30 ਮਈ 2024 ਨੂੰ ਸ਼ਾਮ 6 ਵਜੇ ਤੋਂ ਚੋਣ ਪ੍ਰਚਾਰ/ਮੁਹਿੰਮ ਖ਼ਤਮ ਹੋਣ ’ਤੇ ਆਪਣੇ ਉਮੀਦਵਾਰ ਦਾ ਹਲਕਾ ਛੱਡਣ ਲਈ ਕਿਹਾ ਹੈ। ਅਜਿਹੇ ਵਿਅਕਤੀਆਂ ਵੱਲੋਂ ਉਮੀਦਵਾਰਾਂ ਦੇ ਹਲਕਿਆਂ ’ਚ ਵੋਟਾਂ ਪੈਣ ਸਮੇਂ ਹਾਜ਼ਰ ਰਹਿਣ ਨਾਲ ਅਮਨ ਪੂਰਵਕ ਤੇ ਸਹੀ ਤਰੀਕੇ ਨਾਲ ਚੱਲ ਰਹੀ ਵੋਟ ਪ੍ਰਕੀਰਿਆ ਪ੍ਰਭਾਵਿਤ ਹੋ ਸਕਦੀ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਸ ਜ਼ਿਲ੍ਹੇ ’ਚੋਂ ਉਮੀਦਵਾਰਾਂ ਦੇ ਰਿਸ਼ਤੇਦਾਰਾਂ ਤੇ ਸਮੱਰਥਕਾਂ ਦਾ ਬਾਹਰ ਜਾਣਾ ਜ਼ਰੂਰੀ ਹੋ ਗਿਆ ਹੈ, ਜੇ ਉਹ ਇਸ ਜ਼ਿਲ੍ਹੇ ਦੇ ਵੋਟਰ ਨਹੀਂ ਹਨ। ਇਹ ਹੁਕਮ ਸਿਵਲ ਪ੍ਰਸੋਨਲ, ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸ ਅਤੇ ਬਾਵਰਦੀ ਪੁਲਸ ਮੁਲਾਜ਼ਮਾਂ ’ਤੇ ਲਾਗੂ ਨਹੀਂ ਹੋਵੇਗਾ।

# ਅੰਮ੍ਰਿਤਸਰ ਦੇ ਮਸ਼ਹੂਰ ਹੋਟਲ ਵਿਚ ਵੱਡੀ ਘਟਨਾ, 6 ਸਾਲਾ ਬੱਚੇ ਦੀ ਹੋਈ ਦਰਦਨਾਕ ਮੌਤ



ਅੰਮ੍ਰਿਤਸਰ ਦੇ ਹਾਲ ਬਾਜ਼ਾਰ ਸਥਿਤ ਹੋਟਲ ਰਮਾਡਾ 'ਚ ਛੇ ਸਾਲਾ ਬੱਚੇ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਰ ਬੱਚਾ ਹੋਲਟ ਦੇ ਸਵਿਮਿੰਗ 'ਚ ਨਹਾ ਰਿਹਾ ਸੀ ਅਤੇ ਜਿਸ 'ਚ ਉਸ ਦੀ ਮੌਤ ਹੋ ਗਈ। ਇਸ ਦੌਰਾਨ ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੈ।ਪੁਲਸ ਵਲੋਂ ਬੱਚੇ ਦਾ ਪੋਸਟਮਾਰਟਮ ਜ਼ਿਲ੍ਹਾ ਪੱਧਰੀ ਸਿਵਲ ਹਸਪਤਾਲ ਵਿੱਚ ਕਰਵਾ ਕੇ ਲਾਸ਼ ਪਰਿਵਾਰਿਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਥਾਣਾ ਰਾਮ ਬਾਗ ਦੀ ਪੁਲਸ ਵੱਲੋਂ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੋਇਆ ਹੋਟਲ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ । ਜਾਣਕਾਰੀ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਲਈ ਦਿੱਲੀ ਤੋਂ ਪਰਿਵਾਰ ਅੰਮ੍ਰਿਤਸਰ ਆਇਆ ਹੋਇਆ ਸੀ ਅਤੇ ਉਕਤ ਹੋਟਲ ਵਿੱਚ ਰਹਿ ਰਿਹਾ ਸੀ।

# ਹਥਿਆਰਬੰਦ ਫੋਰਸ ਦੀ ‘ਥ੍ਰੀ-ਲੇਅਰ’ ਸੁਰੱਖਿਆ ’ਚ ਰਹਿਣਗੀਆਂ EVM ਮਸ਼ੀਨਾਂ, SSP ਹਰੀਸ਼ ਦਾਯਮਾ ਨੇ ਲਿਆ ਜਾਇਜ਼ਾ

1 ਜੂਨ ਨੂੰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਦੀਆਂ ਹਦਾਇਤਾਂ ’ਤੇ ਜਿੱਥੇ ਸਿਵਲ ਪ੍ਰਸ਼ਾਸਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ, ਉਸ ਦੇ ਨਾਲ ਹੀ ਪੁਲਸ ਵੱਲੋਂ ਵੀ ਸਟਰਾਂਗ ਰੂਮਾਂ ਦੀ ਸਖਤ ਸੁਰੱਖਿਆ ਲਈ ਯੋਜਨਾਬੰਦੀ ਕੀਤੀ ਗਈ ਹੈ। ਇਸ ਤਹਿਤ ਐੱਸ. ਐੱਸ. ਪੀ. ਹਰੀਸ਼ ਦਯਾਮਾਂ ਨੇ ਖੁਦ ਸੁਖਜਿੰਦਰ ਕੈਂਪਸ ਵਿਖੇ ਪਹੁੰਚ ਕੇ ਸਾਰੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਐੱਸ. ਐੱਸ. ਪੀ. ਹਰੀਸ਼ ਦਯਾਮਾਂ ਨੇ ਜਗ ਬਾਣੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਤੌਰ ’ਤੇ ਈ. ਵੀ. ਐੱਮ. ਮਸ਼ੀਨਾਂ ਦੀ ਸੁਰੱਖਿਆ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਟੂ ਲੇਅਰ ਸਕਿਉਰਿਟੀ ਤਾਇਨਾਤ ਕੀਤੀ ਜਾਵੇਗੀ, ਜਿਸ ਤਹਿਤ ਸਭ ਤੋਂ ਪਹਿਲੀ ਲੇਅਰ ਵਿਚ ਸੈਂਟਰਲ ਆਰਮਡ ਪੁਲਸ ਫੋਰਸ ਦੇ ਜਵਾਨ ਤਾਇਨਾਤ ਹੋਣਗੇ, ਜਿਨ੍ਹਾਂ ’ਚ ਬੀ. ਐੱਸ. ਐੱਫ. ਅਤੇ ਸੀ. ਆਰ. ਪੀ. ਐੱਫ. ਸ਼ਾਮਲ ਹੈ। ਇਸ ਤੋਂ ਬਾਅਦ ਦੂਸਰੀ ਲੇਅਰ ਵਿਚ ਸਟੇਟ ਆਰਮਡ ਪੁਲਸ ਫੋਰਸ ਦੇ ਸਪੈਸ਼ਲ ਜਵਾਨਾਂ ਨੂੰ ਸੁਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਜਾਵੇਗੀ।ਉਨ੍ਹਾਂ ਕਿਹਾ ਕਿ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਥ੍ਰੀ ਲੇਅਰ ਵੀ ਬਣਾਈ ਜਾਵੇਗੀ, ਜੋ ਪੰਜਾਬ ਪੁਲਸ ਦੇ ਜਵਾਨਾਂ ਦੀ ਹੋਵੇਗੀ ਅਤੇ ਕਾਊਂਟਿੰਗ ਸੈਂਟਰਾਂ ਦੇ ਬਾਹਰ ਸਾਰੀ ਸਥਿਤੀ ਨੂੰ ਕੰਟਰੋਲ ਕਰੇਗੀ। ਉਨ੍ਹਾਂ ਕਿਹਾ ਕਿ 150 ਦੇ ਕਰੀਬ ਸਪੈਸ਼ਲ ਫੋਰਸ ਹਥਿਆਰ ਬੰਦ ਹੋਵੇਗੀ ਤਾਂ ਜੋ ਕੋਈ ਵੀ ਸ਼ਰਾਰਤੀ ਵਿਅਕਤੀ ਕੋਈ ਕਿਸੇ ਵੀ ਤਰ੍ਹਾਂ ਦੀ ਕਿਸੇ ਅਣਸੁਖਾਵੀਂ ਵਾਰਦਾਤ ਨੂੰ ਅੰਜਾਮ ਨਾ ਦੇ ਸਕੇ।



ਇਸ ਦੇ ਨਾਲ ਹੀ ਗਰਮੀ ਨੂੰ ਦੇਖਦਿਆਂ ਸਾਰੀ ਪੁਲਸ ਫੋਰਸ ਦੀ ਸੁਰੱਖਿਆ ਲਈ ਵੀ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਗਰਮੀ ਦੇ ਮੌਸਮ ’ਚ ਡਿਊਟੀ ਨਿਭਾਉਣ ਮੌਕੇ ਕੋਈ ਮੁਸ਼ਕਲ ਪੇਸ਼ ਨਾ ਆਵੇ। ਖਾਸ ਤੌਰ ’ਤੇ ਬਿਜਲੀ, ਪਾਣੀ, ਕੂਲਰ, ਲੱਸੀ ਆਦਿ ਦੇ ਪ੍ਰਬੰਧ ਵੀ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਸਾਰੀਆਂ ਮਸ਼ੀਨਾਂ ਅਤੇ ਸਟਰਾਂਗ ਰੂਮ ਸੀ. ਸੀ. ਟੀ. ਵੀ. ਕੈਮਰਿਆਂ ਦੀ 24 ਘੰਟੇ ਨਿਗਰਾਨੀ ’ਚ ਰੱਖੇ ਜਾਣਗੇ ਅਤੇ ਹਰੇਕ ਪਲ ਦੀ ਮੂਵਮੈਂਟ ਇਨ੍ਹਾਂ ਕੈਮਰਿਆਂ ਦੇ ਡੀ. ਵੀ. ਆਰਾਂ ਵਿਚ ਕੈਦ ਹੋਵੇਗੀ। ਐੱਸ. ਐੱਸ. ਪੀ. ਨੇ ਕਿਹਾ ਕਿ ਹੁਣ ਤੋਂ ਹੀ ਇਨ੍ਹਾਂ ਸਟਰਾਂਗ ਰੂਮਾਂ ਦੀ ਪੂਰੀ ਸੁਰੱਖਿਆ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਕਿਸਮ ਦੀ ਕੋਈ ਅਣਗਹਿਲੀ ਨਹੀਂ ਵਰਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਸਾਰੀਆਂ ਮਸ਼ੀਨਾਂ ਅਤੇ ਸਟਰਾਂਗ ਰੂਮ ਸੀ. ਸੀ. ਟੀ. ਵੀ. ਕੈਮਰਿਆਂ ਦੀ 24 ਘੰਟੇ ਨਿਗਰਾਨੀ ’ਚ ਰੱਖੇ ਜਾਣਗੇ ਅਤੇ ਹਰੇਕ ਪਲ ਦੀ ਮੂਵਮੈਂਟ ਇਨ੍ਹਾਂ ਕੈਮਰਿਆਂ ਦੇ ਡੀ. ਵੀ. ਆਰਾਂ ਵਿਚ ਕੈਦ ਹੋਵੇਗੀ। ਐੱਸ. ਐੱਸ. ਪੀ. ਨੇ ਕਿਹਾ ਕਿ ਹੁਣ ਤੋਂ ਹੀ ਇਨ੍ਹਾਂ ਸਟਰਾਂਗ ਰੂਮਾਂ ਦੀ ਪੂਰੀ ਸੁਰੱਖਿਆ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਕਿਸਮ ਦੀ ਕੋਈ ਅਣਗਹਿਲੀ ਨਹੀਂ ਵਰਤੀ ਜਾਵੇਗੀ।

# ਪੋਲਿੰਗ ਬੂਥ 'ਤੇ ਲੱਗੀ ਲਾਈਨ ਦਾ ਵੋਟਰਾਂ ਨੂੰ ਘਰ ਬੈਠਿਆਂ ਹੀ ਲੱਗੇਗਾ ਪਤਾ



ਮੋਹਾਲੀ (ਨਿਆਮੀਆਂ) : ਜ਼ਿਲ੍ਹੇ ਦੇ ਵੋਟਰ ਵੋਟਾਂ ਵਾਲੇ ਦਿਨ 1 ਜੂਨ ਨੂੰ ਆਪਣੇ ਪੋਲਿੰਗ ਬੂਥ 'ਤੇ ਜਾਣ ਤੋਂ ਪਹਿਲਾਂ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਬੂਥ 'ਤੇ ਕਿੰਨੇ ਕੁ ਲੋਕ ਵੋਟ ਦੇਣ ਲਈ ਕਤਾਰ 'ਚ ਖੜ੍ਹੇ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਦੀ ਪਹਿਲ ਕਦਮੀ ਤੇ ਵੋਟਰਾਂ ਦੀ ਸਹੂਲਤ ਨੂੰ ਧਿਆਨ ’ਚ ਰੱਖਦੇ ਹੋਏ ‘ਵੋਟਰ ਕਿਊ ਇਨਫਾਰਮੇਸ਼ਨ ਸਿਸਟਮ’ ਸ਼ੁਰੂ ਕੀਤਾ ਗਿਆ ਹੈ।ਇਹ ਸਿਸਟਮ ਐੱਨ. ਆਈ. ਸੀ. ਪੰਜਾਬ ਤੇ ਮੈਟਾ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵੋਟਰ ਕਿਊ ਇਨਫਾਰਮੇਸ਼ਨ ਸਿਸਟਮ ਨੂੰ ਵਰਤਣ ਲਈ ਵੋਟਰਾਂ ਨੂੰ ਇਕ ਵਟਸਐਪ ਨੰਬਰ 7447447217 'ਤੇ ‘ਵੋਟ’ ਟਾਈਪ ਕਰ ਕੇ ਮੈਸੇਜ ਭੇਜਣਾ ਹੋਵੇਗਾ। ਇਸ ਤੋਂ ਬਾਅਦ ਇਕ ਲਿੰਕ ਪ੍ਰਾਪਤ ਹੋਵੇਗਾ, ਜਿਸ 'ਤੇ ਕਲਿੱਕ ਕਰਨ ਮਗਰੋਂ 2 ਆਪਸ਼ਨ (1) ਲੋਕੇਸ਼ਨ ਵਾਈਜ਼ (2) ਬੂਥ ਵਾਈਜ਼ ਸਕਰੀਨ 'ਤੇ ਆਉਣਗੇ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਲੋਕੇਸ਼ਨ ਵਾਈਜ਼ ਆਪਸ਼ਨ ਨੂੰ ਚੁਣਨ ਮਗਰੋਂ ਵੋਟਰ ਨੂੰ ਆਪਣੀ ਲੋਕੇਸ਼ਨ ਸ਼ੇਅਰ ਕਰਨੀ ਹੋਵੇਗੀ, ਜਿਸ ਤੋਂ ਬਾਅਦ ਮੋਬਾਇਲ ਦੀ ਸਕਰੀਨ ’ਤੇ ਵੋਟਰ ਦੇ ਘਰ ਨੇੜਲੇ ਪੋਲਿੰਗ ਬੂਥਾਂ ਦੀ ਸੂਚੀ ਆ ਜਾਵੇਗੀ।ਇਸ ਤੋਂ ਬਾਅਦ ਵੋਟਰ ਨੂੰ ਬੂਥ ਨੰਬਰ ਲਿਖ ਕੇ ਭੇਜਣਾ ਹੋਵੇਗਾ ਤੇ ਤੁਰੰਤ ਮੋਬਾਇਲ ਦੀ ਸਕਰੀਨ ’ਤੇ ਇਹ ਜਾਣਕਾਰੀ ਆ ਜਾਵੇਗੀ ਕਿ ਉਸ ਬੂਥ 'ਤੇ ਵੋਟ ਪਾਉਣ ਲਈ ਕਿੰਨੇ ਵੋਟਰ ਕਤਾਰ ’ਚ ਖੜ੍ਹੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਵੋਟਰ ਦੂਜਾ ਆਪਸ਼ਨ ਬੂਥ ਵਾਈਜ਼ ਚੁਣਦਾ ਹੈ ਤਾਂ ਉਸ ਨੂੰ ਪੰਜਾਬ ਸੂਬਾ ਚੁਣਨ ਤੋਂ ਬਾਅਦ ਆਪਣੇ ਜ਼ਿਲ੍ਹੇ ਨੂੰ ਚੁਣਨਾ ਹੋਵੇਗਾ ਤੇ ਉਸ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕੇ ਸਕਰੀਨ 'ਤੇ ਆ ਜਾਣਗੇ। ਆਪਣਾ ਵਿਧਾਨ ਸਭਾ ਹਲਕਾ ਚੁਣਨ ਤੋਂ ਬਾਅਦ ਸਬੰਧਿਤ ਬੂਥ ਨੰਬਰ ਭਰਨਾ ਹੋਵੇਗਾ, ਜਿਸ ਨਾਲ ਵੋਟਰ ਆਪਣੇ ਬੂਥ 'ਤੇ ਵੋਟ ਦੇਣ ਲਈ ਖੜ੍ਹੇ ਵੋਟਰਾਂ ਦੀ ਗਿਣਤੀ ਜਾਣ ਸਕੇਗਾ।

ਉਨ੍ਹਾਂ ਦੱਸਿਆ ਕਿ ਜਿੱਥੇ ਇਕ ਪਾਸੇ 1 ਜੂਨ ਨੂੰ ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਗਰਮੀ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ, ਉੱਥੇ ਹੀ ਇਸ ਵੋਟਿੰਗ ਕਿਊ ਸਿਸਟਮ ਜ਼ਰੀਏ ਵੋਟਰ ਆਪਣੇ ਹਿਸਾਬ ਨਾਲ ਉਸ ਸਮੇਂ ਪੋਲਿੰਗ ਬੂਥ 'ਤੇ ਜਾ ਕੇ ਵੋਟ ਪਾ ਸਕੇਗਾ, ਜਦੋਂ ਬੂਥ 'ਤੇ ਜ਼ਿਆਦਾ ਭੀੜ ਨਹੀਂ ਹੋਵੇਗੀ। ਇਸ ਨਾਲ ਵੋਟਰ ਗਰਮੀ ਤੋਂ ਵੀ ਬਚੇਗਾ ਅਤੇ ਉਸ ਦੇ ਸਮੇਂ ਦੀ ਵੀ ਬੱਚਤ ਹੋਵੇਗੀ।

# ਡਿਊਟੀ ‘ਤੇ ਤਾਇਨਾਤ ਮਲੋਟ ਦੇ SHO ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ



ਸ੍ਰੀ ਮੁਕਤਸਰ ਸਾਹਿਬ ਤੋਂ ਮੰਦਭਾਗੀ ਖਬਰ ਸਾਹਮਣੇ ਆਈ ਹੈ, ਜਿੱਥੇ ਥਾਣਾ ਮਲੋਟ ਸਿਟੀ ਦੇ SHO ਇੰਸਪੈਕਟਰ ਗੁਰਦੀਪ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਗੁਰਦੀਪ ਸਿੰਘ ਨੂੰ ਡਿਊਟੀ ਦੌਰਾਨ ਦਿਲ ਦਾ ਦੌਰਾ ਪਿਆ । ਜਿਸ ਤੋਂ ਬਾਅਦ ਉਨ੍ਹਾਂ ਦੇ ਸਾਥੀ ਕਰਮਚਾਰੀਆਂ ਨੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ।ਦੱਸਿਆ ਜਾ ਰਿਹਾ ਹੈ ਕਿ ਉਹ ਪਿਛਲੇ 2 ਦਿਨਾਂ ਤੋਂ ਇਲਾਜ ਜੇਰੇ ਸਨ। ਅੱਜ ਯਾਨੀ ਕਿ ਵੀਰਵਾਰ ਨੂੰ ਇਲਾਜ ਦੌਰਾਨ ਉਨ੍ਹਾਂ ਨੇ ਦਮ ਤੋੜ ਦਿੱਤਾ। ਸ੍ਰੀ ਮੁਕਤਸਰ ਸਾਹਿਬ ਦੇ SSP ਭਾਗੀਰਥ ਮੀਨਾ ਨੇ ਕਿਹਾ ਕਿ ਮਾਮਲੇ ਦੀ ਵਿਸਥਾਰ ਰਿਪੋਰਟ ਆਉਣ ਤੋਂ ਬਾਅਦ ਹੀ ਅਸੀਂ ਕੁਝ ਕਹਿ ਸਕਾਂਗੇ। ਉੱਥੇ ਹੀ ਮਲੋਟ ਇਲਾਕੇ ਦੇ DSP ਪਵਨਜੀਤ ਸਿੰਘ ਨੇ ਡਿਊਟੀ ਦੇ ਦੌਰਾਨ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ।ਮਿਲੀ ਜਾਣਕਾਰੀ ਅਨੁਸਾਰ ਇੰਸਪੈਕਟਰ ਗੁਰਦੀਪ ਸਿੰਘ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਨ੍ਹਾਂ ਨੇ ਆਪਣੀ ਡਿਊਟੀ ਦਾ ਜ਼ਿਆਦਤਰ ਸਮਾਂ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਬਤੀਤ ਕੀਤਾ ਹੈ। ਮਾਲਵਾ ਇਲਾਕੇ ਵਿੱਚ ਗੁਰਦੀਪ ਸਿੰਘ ਨੇ ਨਸ਼ੇ ਤੇ ਹੋਰ ਛੋਟੇ-ਛੋਟੇ ਅਪਰਾਧਾਂ ਦੇ ਖਿਲਾਫ਼ ਕਾਫ਼ੀ ਕੰਮ ਕੀਤਾ ਹੈ। ਦੱਸ ਦੇਈਏ ਕਿ ਮਲੋਟ ਤੋਂ ਪਹਿਲਾਂ ਉਹ ਬਠਿੰਡਾ ਵਿੱਚ ਤਾਇਨਾਤ ਸਨ। ਉਹ ਬਠਿੰਡਾ ਤੇ ਸ੍ਰੀ ਮੁਕਤਸਰ ਸਾਹਿਬ ਦੇ ਕਈ ਥਾਣਿਆਂ ਵਿੱਚ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ।

# ਭਾਰਤ-ਪਾਕਿ ਮੈਚ 'ਚ ਅੱਤਵਾਦੀ ਹਮਲੇ ਦੀ ਧਮਕੀ ਤੋਂ ਬਾਅਦ ਸੁਰੱਖਿਆ ਦੇ ਸਖ਼ਤ ਪ੍ਰਬੰਧ



ਨਿਊਯਾਰਕ ਦੇ ਨਸਾਓ ਕਾਊਂਟੀ 'ਚ 9 ਜੂਨ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਣ ਵਾਲੇ ਟੀ-20 ਵਿਸ਼ਵ ਕੱਪ ਮੈਚ ਲਈ ਬੇਮਿਸਾਲ ਸੁਰੱਖਿਆ ਪ੍ਰਬੰਧ ਕੀਤੇ ਜਾਣਗੇ। ਰਾਜ ਦੀ ਗਵਰਨਰ ਕੈਥੀ ਹੋਚੁਲ ਨੇ ਹਾਲਾਂਕਿ ਜ਼ੋਰ ਦੇ ਕੇ ਕਿਹਾ ਕਿ "ਇਸ ਵਾਰ" ਖਤਰਾ ਵਿਸ਼ਵਾਸਯੋਗ ਨਹੀਂ ਹੈ। ਟੂਰਨਾਮੈਂਟ ਦੇ ਅੱਠ ਮੈਚ ਨਸਾਓ ਕਾਉਂਟੀ ਦੇ ਆਇਜ਼ਨਹਾਵਰ ਪਾਰਕ ਸਟੇਡੀਅਮ ਵਿੱਚ ਖੇਡੇ ਜਾਣਗੇ, ਜਿਨ੍ਹਾਂ ਵਿੱਚ ਭਾਰਤ ਦੇ ਤਿੰਨ ਮੈਚ ਸ਼ਾਮਲ ਹਨ।

ਭਾਰਤੀ ਟੀਮ ਇੱਥੇ 1 ਜੂਨ ਨੂੰ ਬੰਗਲਾਦੇਸ਼ ਖ਼ਿਲਾਫ਼ ਅਭਿਆਸ ਮੈਚ ਵੀ ਖੇਡੇਗੀ। ਨਿਊਯਾਰਕ ਦੀ ਗਵਰਨਰ ਕੈਥੀ ਨੇ ਕਿਹਾ ਕਿ ਉਨ੍ਹਾਂ ਨੇ ਸੂਬੇ ਦੀ ਪੁਲਸ ਨੂੰ ਦਰਸ਼ਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸੁਰੱਖਿਆ ਪ੍ਰਬੰਧਾਂ ਨੂੰ ਵਧਾਉਣ ਦੇ ਨਿਰਦੇਸ਼ ਦਿੱਤੇ ਹਨ। ਕੈਥੀ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਜਿਵੇਂ ਕਿ ਅਸੀਂ ਵਿਸ਼ਵ ਕੱਪ ਦੀ ਤਿਆਰੀ ਕਰ ਰਹੇ ਹਾਂ, ਮੇਰੀ ਟੀਮ ਹਾਜ਼ਰੀਨ ਨੂੰ ਸੁਰੱਖਿਅਤ ਰੱਖਣ ਲਈ ਸੰਘੀ ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ।" "ਹਾਲਾਂਕਿ ਇਸ ਸਮੇਂ ਕੋਈ ਵਿਸ਼ਵਾਸਯੋਗ ਖ਼ਤਰਾ ਨਹੀਂ ਹੈ, ਮੈਂ NYPD ਨੂੰ ਸੁਰੱਖਿਆ ਉਪਾਅ ਵਧਾਉਣ ਦੇ ਨਿਰਦੇਸ਼ ਦਿੱਤੇ ਹਨ ਅਤੇ ਅਸੀਂ ਨਿਗਰਾਨੀ ਕਰਨਾ ਜਾਰੀ ਰੱਖਾਂਗੇ।" ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਿਊਯਾਰਕ ਦੇ ਅਧਿਕਾਰੀ 'ਇਸ ਸਾਲ ਦੇ ਸ਼ੁਰੂ ਵਿੱਚ ਅੱਤਵਾਦੀ ਸਮੂਹ ਆਈਐਸਆਈਐਸ-ਕੇ ਦੁਆਰਾ ਵਿਸ਼ਵਵਿਆਪੀ ਖਤਰੇ ਦੇ ਬਾਅਦ' ਵਿਸ਼ਵ ਕੱਪ ਦੇ ਖਿਲਾਫ ਸੁਰੱਖਿਆ ਸਾਵਧਾਨੀ ਵਰਤ ਰਹੇ ਹਨ। ਨਸਾਓ ਕਾਉਂਟੀ ਦੇ ਪੁਲਸ ਕਮਿਸ਼ਨਰ ਪੈਟਰਿਕ ਰਾਈਡਰ ਨੇ ਬੁੱਧਵਾਰ ਨੂੰ ਕਿਹਾ ਕਿ ਟੂਰਨਾਮੈਂਟ ਨੂੰ ਅਪ੍ਰੈਲ ਵਿੱਚ ਆਈਐਸਆਈਐਸ-ਕੇ ਨਾਲ ਜੁੜੀ ਧਮਕੀ ਮਿਲੀ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ, "ਇਸ ਤੋਂ ਬਾਅਦ 9 ਜੂਨ ਨੂੰ ਭਾਰਤ ਬਨਾਮ ਪਾਕਿਸਤਾਨ ਮੈਚ ਦੇ ਸਬੰਧ ਵਿੱਚ ਹੋਰ ਖਾਸ ਧਮਕੀਆਂ ਦਿੱਤੀਆਂ ਗਈਆਂ ਸਨ ਅਤੇ ਇੱਕ ਵਾਇਰਲ ਵੀਡੀਓ ਦਾ ਹਵਾਲਾ ਦਿੱਤਾ ਗਿਆ ਸੀ ਜਿਸ ਵਿੱਚ 'ਲੋਨ ਵੁਲਫ ਐਕਸ਼ਨ' ਦੀ ਮੰਗ ਕੀਤੀ ਗਈ ਸੀ।"ਇਕ ਹੋਰ ਰਿਪੋਰਟ 'ਚ ਕਿਹਾ ਗਿਆ, 'ਮੈਂ ਤੁਹਾਨੂੰ ਇਸ ਗੱਲ ਦੀ ਗਾਰੰਟੀ ਦੇ ਸਕਦਾ ਹਾਂ। "ਇਸ ਕਾਉਂਟੀ ਦੇ ਇਤਿਹਾਸ ਵਿੱਚ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਸੁਰੱਖਿਆ ਤਾਇਨਾਤੀ ਹੈ, ਅਤੇ ਮੈਂ ਤੁਹਾਨੂੰ ਗਾਰੰਟੀ ਦੇ ਸਕਦਾ ਹਾਂ ਕਿ 9 ਜੂਨ ਨੂੰ ਨਸਾਓ ਕਾਉਂਟੀ ਵਿੱਚ ਸਭ ਤੋਂ ਸੁਰੱਖਿਅਤ ਸਥਾਨ ਸਟੇਡੀਅਮ ਦੇ ਅੰਦਰ ਹੋਵੇਗਾ।" ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਭਾਰਤੀ ਟੀਮ 5 ਜੂਨ ਨੂੰ ਆਇਰਲੈਂਡ ਖਿਲਾਫ ਟੀ-20 ਵਿਸ਼ਵ ਕੱਪ ਮੁਹਿੰਮ ਦੀ ਸ਼ੁਰੂਆਤ ਕਰੇਗੀ। ਇਸ ਤੋਂ ਬਾਅਦ 9 ਜੂਨ ਨੂੰ ਪਾਕਿਸਤਾਨ ਖਿਲਾਫ ਕਾਫੀ ਇੰਤਜ਼ਾਰ ਵਾਲਾ ਮੈਚ ਹੋਵੇਗਾ। ਭਾਰਤ ਨੇ 12 ਜੂਨ ਨੂੰ ਮੇਜ਼ਬਾਨ ਅਮਰੀਕਾ ਨਾਲ ਭਿੜਨਾ ਹੈ। ਟੂਰਨਾਮੈਂਟ ਲਈ ਅੱਤਵਾਦੀ ਖਤਰੇ ਦਾ ਖੁਲਾਸਾ ਸਭ ਤੋਂ ਪਹਿਲਾਂ ਤ੍ਰਿਨੀਦਾਦ ਦੇ ਪ੍ਰਧਾਨ ਮੰਤਰੀ ਕੀਥ ਰੌਲੇ ਨੇ ਕੀਤਾ ਸੀ ਅਤੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ਆਈਸੀਸੀ) ਨੇ ਇਹ ਕਹਿ ਕੇ ਪ੍ਰਤੀਕਿਰਿਆ ਦਿੱਤੀ ਸੀ ਕਿ ਟੂਰਨਾਮੈਂਟ ਦੇ ਸੁਚਾਰੂ ਆਯੋਜਨ ਨੂੰ ਯਕੀਨੀ ਬਣਾਉਣ ਲਈ ਸਖ਼ਤ ਸੁਰੱਖਿਆ ਘੇਰਾਬੰਦੀ ਕੀਤੀ ਗਈ ਸੀ।

ਆਈਸੀਸੀ ਨੇ ਕਿਹਾ ਸੀ, 'ਟੂਰਨਾਮੈਂਟ ਵਿੱਚ ਹਰ ਕਿਸੇ ਦੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ ਅਤੇ ਸਾਡੇ ਕੋਲ ਇੱਕ ਵਿਆਪਕ ਅਤੇ ਮਜ਼ਬੂਤ ਸੁਰੱਖਿਆ ਯੋਜਨਾ ਹੈ। ਅਸੀਂ ਆਪਣੇ ਮੇਜ਼ਬਾਨ ਦੇਸ਼ਾਂ ਵਿੱਚ ਅਧਿਕਾਰੀਆਂ ਦੇ ਨਾਲ ਮਿਲ ਕੇ ਕੰਮ ਕਰਦੇ ਹਾਂ ਅਤੇ ਲਗਾਤਾਰ ਗਲੋਬਲ ਹਾਲਤ ਦੀ ਨਿਗਰਾਨੀ ਅਤੇ ਮੁਲਾਂਕਣ ਕਰਦੇ ਹਾਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਮੁਕਾਬਲੇ ਲਈ ਪਛਾਣੇ ਗਏ ਕਿਸੇ ਵੀ ਜੋਖਮ ਨੂੰ ਘਟਾਉਣ ਲਈ ਢੁਕਵੀਆਂ ਯੋਜਨਾਵਾਂ ਲਾਗੂ ਹਨ।'

# ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਹਾਂ, ਅਜੇ ਭਾਰਤ ਲਈ ਖੜ੍ਹਾ ਹੋਣਾ ਹੈ: ਰਿਸ਼ਭ ਪੰਤ



ਆਈਸੀਸੀ ਟੀ-20 ਵਿਸ਼ਵ ਕੱਪ 2024 ਦੇ ਅਧਿਕਾਰਤ ਪ੍ਰਸਾਰਕ ਸਟਾਰ ਸਪੋਰਟਸ ਨੇ ਸਟਾਰ ਵਿਕਟਕੀਪਰ ਬੱਲੇਬਾਜ਼ ਰਿਸ਼ਭ ਪੰਤ ਦੇ ਨਾਲ ਇੱਕ ਪ੍ਰੋਮੋ ਲਾਂਚ ਕੀਤਾ ਹੈ। ਸਟਾਰ ਸਪੋਰਟਸ ਨੇ ਬੁੱਧਵਾਰ ਨੂੰ ਪ੍ਰੋਮੋ ਦਾ ਵੀਡੀਓ ਟਵੀਟ ਕੀਤਾ ਅਤੇ ਸ਼ੇਅਰ ਕੀਤਾ, ਜਿਸ ਵਿੱਚ ਪੰਤ ਬੈਕਗ੍ਰਾਊਂਡ ਮਿਊਜ਼ਿਕ ਦੇ ਨਾਲ ਕਹਿ ਰਹੇ ਹਨ, 'ਦਿਲ ਮੇਂ ਏਕ ਕਸਕ ਅਭੀ ਬਚੀ ਹੈ, ਦਿਲ ਮੇਂ ਏਕ ਧੜਕ ਅਭੀ ਬਚੀ ਹੈ, ਆਪਨੇ ਕਦਮੋਂ ਪੇ ਤੋਂ ਖੜ੍ਹਾ ਹੋ ਗਿਆ ਪਰ ਅਭੀ ਇੰਜੀਆ ਕੇ ਲਈ ਖੜ੍ਹਾ ਹੋਨਾ ਬਾਕੀ ਹੈ। ਵੀਡੀਓ 'ਚ ਰਿਸ਼ਭ ਪੰਤ ਦੇਸ਼ ਨੂੰ ਮਾਣ, ਖੁਸ਼ੀ ਅਤੇ ਉਮੀਦ ਦੇ ਸਾਂਝੇ ਬੈਨਰ ਹੇਠ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਟੀਮ ਇੰਡੀਆ ਆਈਸੀਸੀ ਪੁਰਸ਼ਾਂ ਦੇ ਟੀ-20 ਵਿਸ਼ਵ ਕੱਪ 2024 ਵਿੱਚ ਸਭ ਤੋਂ ਵੱਡੇ ਕ੍ਰਿਕਟ ਦੀ ਸ਼ਾਨ ਲਈ ਤਿਆਰ ਹੈ। ਇਹ ਸਮਾਂ ਹੈ ਕਿ ਦੇਸ਼ ਅਤੇ ਦੁਨੀਆ ਦੇ ਹਰ ਕੋਨੇ ਵਿੱਚ ਵਸਦੇ ਹਰ ਭਾਰਤੀ ਨੂੰ ਇੱਕ ਭਾਰਤ ਦੇ ਰੂਪ ਵਿੱਚ ਖੜ੍ਹਾ ਕੀਤਾ ਜਾਵੇ।

ਇਹ ਸਮਾਂ ਆ ਗਿਆ ਹੈ ਕਿ ਅਸੀਂ ਭਾਰਤੀ ਰਾਸ਼ਟਰੀ ਗੀਤ ਲਈ ਇੱਕ ਭਾਰਤ ਦੇ ਰੂਪ ਵਿੱਚ ਇਕੱਠੇ ਖੜ੍ਹੇ ਹੋਈਏ, ਆਪਣਾ ਵਿਸ਼ਵਾਸ ਪ੍ਰਗਟ ਕਰੀਏ ਅਤੇ ਨੀਲੇ ਰੰਗ ਦੇ ਉਨ੍ਹਾਂ ਲੋਕਾਂ ਦੇ ਨਾਲ ਖੜ੍ਹੇ ਹੋਈਏ ਜੋ ਸਾਡੇ ਦੇਸ਼ ਦੀ ਨੁਮਾਇੰਦਗੀ ਕਰ ਰਹੇ ਹਨ।

# T20 WC ਤੋਂ ਪਹਿਲਾਂ ਭਾਰਤੀ ਟੀਮ ਸਨਮਾਨਿਤ, ICC ਪੁਰਸਕਾਰ ਅਤੇ ਟੀਮ ਆਫ ਦ ਈਅਰ ਦੀ ਕੈਪ ਜਿੱਤੀ

ਵੈਸਟਇੰਡੀਜ਼ ਅਤੇ ਅਮਰੀਕਾ ਵਿਚ ਟੀ-20 ਵਿਸ਼ਵ ਕੱਪ 2024 ਦੀ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ, ਭਾਰਤੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਹਾਲ ਦੇ ਦਿਨਾਂ ਵਿਚ ਰਾਸ਼ਟਰੀ ਟੀਮ ਲਈ ਸ਼ਾਨਦਾਰ ਪ੍ਰਦਰਸ਼ਨ ਲਈ ਆਈਸੀਸੀ ਪੁਰਸਕਾਰ ਅਤੇ ਸਾਲ ਦੀ ਸਭ ਤੋਂ ਵਧੀਆ ਟੀਮ ਦੀਆਂ ਕੈਪਾਂ ਮਿਲੀਆਂ ਹਨ। ਵਿਸ਼ਵ ਦੇ ਨੰਬਰ 1 ਟੀ-20 ਆਈ ਬੱਲੇਬਾਜ਼ ਸੂਰਿਆਕੁਮਾਰ ਯਾਦਵ ਨੂੰ ਆਈਸੀਸੀ ਪੁਰਸ਼ ਟੀ-20ਆਈ ਕ੍ਰਿਕਟਰ ਆਫ਼ ਦਾ ਈਅਰ ਅਤੇ ਟੀ-20ਆਈ ਟੀਮ ਆਫ਼ ਦਾ ਈਅਰ ਦੀ ਕੈਪ ਦਿੱਤੀ ਗਈ। ਹਰਫਨਮੌਲਾ ਰਵਿੰਦਰ ਜਡੇਜਾ ਨੂੰ ਆਈਸੀਸੀ ਟੈਸਟ ਟੀਮ ਆਫ ਦਿ ਈਅਰ ਕੈਪ ਦਿੱਤੀ ਗਈ। ਕਪਤਾਨ ਰੋਹਿਤ ਸ਼ਰਮਾ ਦੇ ਨਾਲ ਸ਼ੁਭਮਨ ਗਿੱਲ, ਕੁਲਦੀਪ ਯਾਦਵ ਅਤੇ ਮੁਹੰਮਦ ਸਿਰਾਜ ਨੂੰ ਆਈਸੀਸੀ ਵਨਡੇ ਟੀਮ ਆਫ ਦਿ ਈਅਰ ਕੈਪ ਅਤੇ ਖੱਬੇ ਹੱਥ ਦੇ ਸਪਿਨਰ ਅਰਸ਼ਦੀਪ ਸਿੰਘ ਨੂੰ ਆਈਸੀਸੀ ਟੀ20ਆਈ ਟੀਮ ਆਫ ਦਿ ਈਅਰ ਕੈਪ ਮਿਲੀ।



ਭਾਰਤ ਆਪਣੀ ਟੀ-20 ਵਿਸ਼ਵ ਕੱਪ ਮੁਹਿੰਮ ਦੀ ਸ਼ੁਰੂਆਤ 5 ਜੂਨ ਨੂੰ ਨਿਊਯਾਰਕ ਦੇ ਨਸਾਓ ਕਾਊਂਟੀ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ 'ਚ ਆਇਰਲੈਂਡ ਖਿਲਾਫ ਕਰੇਗਾ। ਇਸ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਭ ਤੋਂ ਵੱਧ ਉਡੀਕਿਆ ਜਾਣ ਵਾਲਾ ਬਲਾਕਬਸਟਰ ਮੈਚ 9 ਜੂਨ ਨੂੰ ਹੋਵੇਗਾ। ਉਹ ਬਾਅਦ ਵਿੱਚ ਆਪਣੇ ਗਰੁੱਪ ਏ ਮੈਚਾਂ ਦੀ ਸਮਾਪਤੀ ਲਈ ਟੂਰਨਾਮੈਂਟ ਦੇ ਸਹਿ-ਮੇਜ਼ਬਾਨ ਅਮਰੀਕਾ (12 ਜੂਨ) ਅਤੇ ਕੈਨੇਡਾ (15 ਜੂਨ) ਨਾਲ ਖੇਡਣਗੇ।

ਟੀ-20 ਵਿਸ਼ਵ ਕੱਪ ਲਈ ਭਾਰਤੀ ਟੀਮ : ਰੋਹਿਤ ਸ਼ਰਮਾ (ਕਪਤਾਨ), ਹਾਰਦਿਕ ਪੰਡਯਾ (ਉਪ-ਕਪਤਾਨ), ਯਸ਼ਸਵੀ ਜਾਇਸਵਾਲ, ਵਿਰਾਟ ਕੋਹਲੀ, ਸੂਰਿਆਕੁਮਾਰ ਯਾਦਵ, ਰਿਸ਼ਭ ਪੰਤ (ਵਿਕਟ ਕੀਪਰ), ਸੰਜੂ ਸੈਮਸਨ (ਵਿਕਟ ਕੀਪਰ), ਸ਼ਿਵਮ ਦੁਬੇ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਕੁਲਦੀਪ ਯਾਦਵ, ਯੁਜਵੇਂਦਰ ਚਾਹਲ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ, ਮੁਹੰਮਦ ਸਿਰਾਜ

# ਠੰਡ ਨਾਲ ਤਾਲਮੇਲ ਬਿਠਾਉਣ ਲਈ ਭਾਰਤੀ ਕ੍ਰਿਕਟਰਾਂ ਨੇ ਟ੍ਰੇਨਿੰਗ ਸ਼ੁਰੂ ਕੀਤੀ

ਫਲੱਡ ਲਾਈਟਾਂ ਵਿਚ ਦੋ ਮਹੀਨਿਆਂ ਤਕ ਆਈ. ਪੀ. ਐੱਲ. ਵਿਚ ਮੁਕਾਬਲੇਬਾਜ਼ੀ ਕ੍ਰਿਕਟ ਖੇਡਣ ਤੋਂ ਬਾਅਦ ਭਾਰਤੀ ਕ੍ਰਿਕਟ ਟੀਮ ਨੇ ਵਿਰਾਟ ਕੋਹਲੀ ਦੇ ਬਿਨਾਂ ਟੀ-20 ਵਿਸ਼ਵ ਕੱਪ ਲਈ ਇੱਥੇ ਸਵੇਰੇ ਅਭਿਆਸ ਸ਼ੁਰੂ ਕੀਤਾ ਹੈ। ਟੀ-20 ਵਿਸ਼ਵ ਕੱਪ ਵਿਚ ਭਾਰਤ ਦੇ ਸਾਰੇ ਸ਼ੁਰੂਆਤੀ ਮੈਚ ਸਵੇਰੇ 10.30 ਵਜੇ ਸ਼ੁਰੂ ਹੋਣਗੇ, ਇਸ ਲਈ ਸਵੇਰ ਦੇ ਟ੍ਰੇਨਿੰਗ ਸੈਸ਼ਨ ਨੂੰ ਮਹੱਤਵ ਦਿੱਤਾ ਗਿਆ । ਕੋਹਲੀ ਨੇ ਇੰਡੀਅਨ ਪ੍ਰੀਮੀਅਰ ਲੀਗ (ਆਈ. ਪੀ. ਐੱਲ.) ਵਿਚੋਂ ਰਾਇਲ ਚੈਲੇਂਜਰਜ਼ ਬੈਂਗਲੁਰੂ (ਆਰ.ਸੀ.ਬੀ.) ਦੇ ਬਾਹਰ ਹੋਣ ਤੋਂ ਬਾਅਦ ਨਿੱਜੀ ਬ੍ਰੇਕ ਲਈ ਹੈ ਅਤੇ ਉਸਦੇ ਸ਼ੁੱਕਰਵਾਰ ਨੂੰ ਟੀਮ ਨਾਲ ਜੁੜਨ ਦੀ ਸੰਭਾਵਨਾ ਹੈ ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਲੰਬੇ ਸਫਰ ਤੋਂ ਬਾਅਦ ਸ਼ਨੀਵਾਰ ਨੂੰ ਬੰਗਲਾਦੇਸ਼ ਖਿਲਾਫ ਭਾਰਤ ਦੇ ਇਕਲੌਤੇ ਅਭਿਆਸ ਮੈਚ 'ਚ ਹਿੱਸਾ ਲਵੇਗਾ ਜਾਂ ਨਹੀਂ। ਭਾਰਤ ਵਿਚ ਤੇਜ਼ ਗਰਮੀ ਵਿਚ 90 ਫੀਸਦੀ ਮੈਚ ਖੇਡਣ ਤੋਂ ਬਾਅਦ ਖਿਡਾਰੀ ਇੱਥੇ ਸਵੇਰ ਦੇ ਸੁਹਾਵਣੇ ਮੌਸਮ ਦੇ ਅਨੁਸਾਰ ਢਲਣ 'ਤੇ ਧਿਅ◌ਾਨ ਲਗਾਉਣਗੇ ਕਿਉਂਕਿ ਇੱਥੇ ਤਾਪਮਾਨ 25 ਤੋਂ 27 ਡਿਗਰੀ ਸੈਲਸੀਅਸ ਰਹਿੰਦਾ ਹੈ। ਸਵੇਰੇ ਹਲਕੀ ਹਵਾ ਵਿਚ ਸਫੈਦ ਕੂਕਾਬੂਰਾ ਗੇਂਦ ਦਾ ਸਾਹਮਣਾ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ ਅਤੇ ਇਸ ਦੇ ਲਈ ਪੂਰੀ ਤਰ੍ਹਾਂ ਤਿਆਰ ਰਹਿਣਾ ਪਵੇਗਾ।



ਸਫਰ ਦੀ ਥਕਾਵਟ ਤੋਂ ਬਾਅਦ ਖਿਡਾਰੀਆਂ ਨੂੰ ਸਵੇਰੇ ਇਨ੍ਹਾਂ ਹਾਲਾਤ ਮੁਤਾਬਕ ਢਲਣਾ ਪਵੇਗਾ। ਇਸ ਲਈ ਸਹਿਯੋਗੀ ਸਟਾਫ ਨੇ ਨਸਾਓ ਕਾਊਂਟੀ ਦੇ ਮੈਦਾਨਾਂ 'ਤੇ ਅਭਿਆਸ ਪਿੱਚਾਂ 'ਤੇ ਨੈੱਟ ਸੈਸ਼ਨਾਂ ਵਿਚ ਟ੍ਰੇਨਿੰਗ ਸ਼ੁਰੂ ਕਰਨ ਤੋਂ ਪਹਿਲਾਂ ਖਿਡਾਰੀਆਂ ਨੂੰ ਸਥਿਤੀਆਂ ਦੇ ਅਨੁਕੂਲ ਹੋਣ ਵਿਚ ਮਦਦ ਕਰਨ ਦਾ ਫੈਸਲਾ ਕੀਤਾ। ਟੀਮ ਦੇ 14 ਖਿਡਾਰੀਆਂ ਨੇ ਹਲਕੀ 'ਜੌਗਿੰਗ' ਨਾਲ ਸ਼ੁਰੂਆਤ ਕੀਤੀ। ਇਸ ਤੋਂ ਬਾਅਦ 'ਸ਼ਟਲ ਰਨ' ਕੀਤੀ ਅਤੇ ਕੁਝ 'ਫੁੱਟ ਵਾਲੀ' ਵੀ ਕੀਤੀ। ਸਟ੍ਰੈਂਥ ਐਂਡ ਕੰਡੀਸ਼ਨਿੰਗ ਕੋਚ ਸੋਹਮ ਦੇਸਾਈ ਨੇ ਦੱਸਿਆ, "ਉਹ ਢਾਈ ਮਹੀਨਿਆਂ ਤੋਂ ਸਾਡੇ ਨਾਲ ਨਹੀਂ ਸਨ, ਇਸ ਲਈ ਸਾਡਾ ਟੀਚਾ ਹੈ ਕਿ ਪਤਾ ਕੀਤਾ ਜਾਵੇ ਕਿ ਉਹ ਹੁਣ ਕਿਸ ਸਥਿਤੀ ਵਿਚ ਹਨ ਅਤੇ ਵਿਸ਼ਵ ਕੱਪ ਤੋਂ ਪਹਿਲਾਂ ਕੀ ਕਰਨ ਦੀ ਲੋੜ ਹੈ। ਪਹਿਲਾ ਟੀਚਾ ਧੁੱਪ ਵਿਚ 45 ਮਿੰਟ ਬਿਤਾਉਣਾ ਹੈ।"ਉਸ ਨੇ ਕਿਹਾ,"ਖਿਡਾਰੀ 'ਟਾਈਮ ਜ਼ੋਨ' ਦੇ ਅਨੁਕੂਲ ਹੋ ਰਹੇ ਹਨ। ਅੱਜ ਅਸੀਂ ਆਪਣਾ ਪਹਿਲਾ ਮੈਦਾਨੀ ਸੈਸ਼ਨ ਕਰ ਰਹੇ ਹਾਂ। "

ਨਿਊਯਾਰਕ ਵਿਚ ਕ੍ਰਿਕਟ ਖੇਡਣ ਲਈ ਖਿਡਾਰੀਆਂ ਵਿਚ ਉਤਸੁਕਤਾ ਹੈ। ਭਾਰਤੀ ਟੀਮ ਆਪਣੇ ਵੈਸਟਇੰਡੀਜ਼ ਦੌਰੇ ਦੌਰਾਨ ਫਲੋਰੀਡਾ ਦੇ ਫੋਰਟ ਲਾਡਰਹਿਲ ਮੈਦਾਨ 'ਤੇ ਖੇਡ ਚੁੱਕੀ ਹੈ। ਆਲਰਾਊਂਡਰ ਰਵਿੰਦਰ ਜਡੇਜਾ ਨੇ ਕਿਹਾ, "ਅਸੀਂ ਪਹਿਲੀ ਵਾਰ ਨਿਊਯਾਰਕ 'ਚ ਕ੍ਰਿਕਟ ਖੇਡਾਂਗੇ, ਇਹ ਮਜ਼ੇਦਾਰ ਹੋਵੇਗੀ।" ਉਸ ਨੇ ਕਿਹਾ, "ਅਸੀਂ ਅਜੇ ਕ੍ਰਿਕਟ ਨਹੀਂ ਖੇਡੀ ਹੈ, ਅਸੀਂ ਅੱਜ ਇੱਥੇ ਟੀਮ ਗਤੀਵਿਧੀਆਂ ਲਈ ਆਏ ਹਾਂ। ਉਮੀਦ ਹੈ ਕਿ ਇਹ ਚੰਗਾ ਹੋਵੇਗਾ। ਮੌਸਮ ਬਹੁਤ ਚੰਗਾ ਹੈ।" ਉਪ ਕਪਤਾਨ ਹਾਰਦਿਕ ਪੰਡਯਾ ਧੁੱਪ ਅਤੇ ਚੰਗੇ ਮੌਸਮ ਤੋਂ ਉਤਸ਼ਾਹਿਤ ਨਜ਼ਰ ਆਇਆ ਜਦਕਿ ਸੂਰਯਾਕੁਮਾਰ ਯਾਦਵ ਕ੍ਰਿਕਟ ਵਿਚ ਉੱਥੋਂ ਦੇ ਪ੍ਰਵਾਸੀਆਂ ਦੀ ਦਿਲਚਸਪੀ ਬਾਰੇ ਜਾਣਨਾ ਚਾਹੁੰਦਾ ਸੀ। ਸੂਰਯਾਕੁਮਾਰ ਨੇ ਕਿਹਾ, "ਮੈਂ ਸੁਣਿਆ ਹੈ ਕਿ ਅਮਰੀਕਾ 'ਚ ਕ੍ਰਿਕਟ ਪ੍ਰਸਿੱਧ ਹੋ ਰਹੀ ਹੈ। ਇਸ ਲਈ ਅਸੀਂ ਸੱਚਮੁੱਚ ਉਤਸ਼ਾਹਿਤ ਹਾਂ ਅਤੇ ਪਹਿਲਾ ਦਿਨ ਬਹੁਤ ਵਧੀਆ ਰਿਹਾ। ਇਸ ਲਈ ਅਸੀਂ ਆਉਣ ਵਾਲੇ ਦਿਨਾਂ ਲਈ ਬਹੁਤ ਉਤਸ਼ਾਹਿਤ ਹਾਂ।"

2007 ਦੀ ਚੈਂਪੀਅਨ ਭਾਰਤੀ ਟੀਮ 5 ਜੂਨ ਨੂੰ ਇੱਥੇ ਆਇਰਲੈਂਡ ਵਿਰੁੱਧ ਟੀ-20 ਵਿਸ਼ਵ ਕੱਪ 'ਚ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ, ਜਿਸ ਤੋਂ ਬਾਅਦ 9 ਜੂਨ ਨੂੰ ਕੱਟੜ ਵਿਰੋਧੀ ਪਾਕਿਸਤਾਨ ਵਿਰੁੱਧ ਵੱਡਾ ਮੈਚ ਖੇਡਿਆ ਜਾਵੇਗਾ। ਇਸ ਤੋਂ ਬਾਅਦ ਭਾਰਤੀ ਟੀਮ 12 ਜੂਨ ਨੂੰ ਮੇਜ਼ਬਾਨ ਅਮਰੀਕਾ ਨਾਲ ਭਿੜੇਗੀ, ਜਿਸ ਤੋਂ ਬਾਅਦ 15 ਜੂਨ ਨੂੰ ਫਲੋਰੀਡਾ ਦੇ ਲਾਡਰਹਿਲ 'ਚ ਉਸ ਦਾ ਸਾਹਮਣਾ ਕੈਨੇਡਾ ਨਾਲ ਹੋਵੇਗਾ। ਭਾਰਤ ਗਰੁੱਪ ਵਿਚ ਭਾਵੇਂ ਕਿਸੇ ਵੀ ਸਥਾਨ 'ਤੇ ਰਹੇ, ਉਸ ਨੂੰ ਏ-1 ਵਿਚ ਰੱਖਿਆ ਜਾਵੇਗਾ। ਟੀਮ ਇਸ ਤੋਂ ਬਾਅਦ ਟੂਰਨਾਮੈਂਟ ਦੇ ਸੁਪਰ 8 ਲਈ ਕੈਰੇਬੀਆਈ ਧਰਤੀ 'ਤੇ ਰਵਾਨਾ ਹੋਵੇਗੀ ਜਿੱਥੇ ਉਸਦਾ ਸਾਹਮਣਾ ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸ੍ਰੀਲੰਕਾ ਨਾਲ ਹੋਵੇਗਾ। 26 ਮਈ ਨੂੰ ਚੇਨਈ ਵਿਚ ਹੋਏ ਆਈ.ਪੀ.ਐੱਲ. ਫਾਈਨਲ ਵਿਚ ਭਾਰਤੀ ਟੀਮ ਦਾ ਕੋਈ ਵੀ ਖਿਡਾਰੀ ਨਹੀਂ ਖੇਡਿਆ ਸੀ।

# ਟੀਮ ਇੰਡੀਆ 'ਚ ਸ਼ਾਮਲ ਹੋਏ ਹਾਰਦਿਕ ਪੰਡਯਾ, ਜਡੇਜਾ ਨੇ ਕਿਹਾ

ਟੀ-20 ਵਿਸ਼ਵ ਕੱਪ 2024 ਦੀ ਸ਼ੁਰੂਆਤ ਤੋਂ ਪਹਿਲਾਂ ਅਭਿਆਸ ਸੈਸ਼ਨ 'ਚ ਹਿੱਸਾ ਲੈਣ ਤੋਂ ਬਾਅਦ ਟੀਮ ਇੰਡੀਆ ਦੇ ਸਟਾਰ ਆਲਰਾਊਂਡਰ ਰਵਿੰਦਰ ਜਡੇਜਾ ਨੇ ਕਿਹਾ ਕਿ ਨਿਊਯਾਰਕ 'ਚ ਕ੍ਰਿਕਟ ਖੇਡਣ ਦਾ ਮਜ਼ਾ ਆਵੇਗਾ। ਟੀ-20 ਵਿਸ਼ਵ ਕੱਪ 2024 1 ਜੂਨ ਤੋਂ ਅਮਰੀਕਾ ਅਤੇ ਵੈਸਟਇੰਡੀਜ਼ ਵਿੱਚ ਸ਼ੁਰੂ ਹੋਣ ਵਾਲਾ ਹੈ। ਟੀਮ ਇੰਡੀਆ 1 ਜੂਨ ਨੂੰ ਨਿਊਯਾਰਕ ਦੇ ਨਸਾਊ ਕਾਊਂਟੀ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਬੰਗਲਾਦੇਸ਼ ਖਿਲਾਫ ਆਪਣਾ ਇਕਲੌਤਾ ਅਭਿਆਸ ਮੈਚ ਖੇਡੇਗੀ। ਇਸ ਦੌਰਾਨ, ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਅਮਰੀਕਾ ਵਿੱਚ ਆਪਣੇ ਪਹਿਲੇ ਅਭਿਆਸ ਸੈਸ਼ਨ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ। ਵੀਡੀਓ 'ਚ ਰਵਿੰਦਰ ਜਡੇਜਾ ਇਹ ਕਹਿੰਦੇ ਹੋਏ ਨਜ਼ਰ ਆ ਰਹੇ ਹਨ ਕਿ ਨਿਊਯਾਰਕ 'ਚ ਕ੍ਰਿਕਟ ਖੇਡਣ ਦਾ ਮਜ਼ਾ ਆਵੇਗਾ।

ਵੀਡੀਓ 'ਚ ਜਡੇਜਾ ਨੇ ਕਿਹਾ ਕਿ ਅਸੀਂ ਪਹਿਲੀ ਵਾਰ ਨਿਊਯਾਰਕ 'ਚ ਕ੍ਰਿਕਟ ਖੇਡਣ ਜਾ ਰਹੇ ਹਾਂ, ਇਹ ਮਜ਼ੇਦਾਰ ਹੋਣ ਜਾ ਰਿਹਾ ਹੈ। ਟੀਮ ਇੰਡੀਆ ਦੇ ਸਟ੍ਰੈਂਥ ਐਂਡ ਕੰਡੀਸ਼ਨਿੰਗ ਕੋਚ ਸੋਹਮ ਦੇਸਾਈ ਨੇ ਕਿਹਾ ਕਿ ਨਿਊਯਾਰਕ ਪਹੁੰਚਣ ਤੋਂ ਬਾਅਦ ਖਿਡਾਰੀਆਂ ਨੇ ਆਪਣੀ ਰੋਜ਼ਾਨਾ ਦੀ ਰੁਟੀਨ ਨੂੰ ਸਰਲ ਕਰ ਲਿਆ ਹੈ। ਸੋਹਮ ਨੇ ਕਿਹਾ ਕਿ ਅਸੀਂ ਕੱਲ੍ਹ ਆਏ ਹਾਂ ਅਤੇ ਅਸੀਂ ਇੱਥੇ ਆਪਣੀ ਰੁਟੀਨ ਨੂੰ ਢਿੱਲ ਦਿੱਤੀ ਹੈ, ਖਿਡਾਰੀ ਸਿਰਫ ਟਾਈਮ ਜ਼ੋਨ ਦੀ ਆਦਤ ਪਾ ਰਹੇ ਹਨ। ਅੱਜ ਅਸੀਂ ਆਪਣਾ ਪਹਿਲਾ ਗਰਾਊਂਡ ਸੈਸ਼ਨ ਕਰ ਰਹੇ ਹਾਂ... ਇਸ ਦੌਰਾਨ ਭਾਰਤ ਦੇ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੇ ਕਿਹਾ ਕਿ ਅਸੀਂ ਅਜੇ ਕ੍ਰਿਕਟ ਨਹੀਂ ਖੇਡੀ ਹੈ, ਅੱਜ ਇੱਥੇ ਟੀਮ ਗਤੀਵਿਧੀ ਲਈ ਆਏ ਹਾਂ। ਉਮੀਦ ਹੈ ਕਿ ਇਹ ਚੰਗਾ ਹੋਵੇਗਾ। ਮੌਸਮ ਸੱਚਮੁੱਚ ਵਧੀਆ ਹੈ, ਇਸ ਲਈ ਅਸੀਂ ਇਸਦੀ ਉਡੀਕ ਕਰ ਰਹੇ ਹਾਂ।

## ਨਿਊਯਾਰਕ 'ਚ ਕ੍ਰਿਕਟ ਖੇਡਾਂਗਾ, ਮਜ਼ਾ ਆਵੇਗਾ



ਨਾਲ ਹੀ ਟੀਮ ਦੇ ਉਪ-ਕਪਤਾਨ ਹਾਰਦਿਕ ਪੰਡਯਾ ਨੇ ਕਿਹਾ ਕਿ ਨਿਊਯਾਰਕ ਆਉਣਾ ਬਹੁਤ ਰੋਮਾਂਚਕ ਹੈ, ਉੱਥੇ ਚੰਗਾ ਮਾਹੌਲ ਹੈ, ਤੇਜ਼ ਧੁੱਪ ਹੈ। ਸੂਰਿਆਕੁਮਾਰ ਯਾਦਵ ਨੇ ਅੱਗੇ ਕਿਹਾ ਕਿ ਮੈਂ ਸੁਣਿਆ ਹੈ ਕਿ ਇੱਥੇ ਅਮਰੀਕਾ ਵਿੱਚ ਕ੍ਰਿਕਟ ਵਧ ਰਹੀ ਹੈ, ਇਸ ਲਈ ਅਸੀਂ ਸੱਚਮੁੱਚ ਉਤਸ਼ਾਹਿਤ ਹਾਂ ਅਤੇ ਇੱਥੇ ਪਹਿਲਾ ਦਿਨ ਸ਼ਾਨਦਾਰ ਰਿਹਾ, ਇਸ ਲਈ ਆਉਣ ਵਾਲੇ ਕੁਝ ਦਿਨਾਂ ਲਈ ਬਹੁਤ ਉਤਸ਼ਾਹਿਤ ਹਾਂ। The Men in Blue" 5 ਜੂਨ ਨੂੰ ਨਿਊਯਾਰਕ ਦੇ ਨਸਾਓ ਕਾਊਂਟੀ ਇੰਟਰਨੈਸ਼ਨਲ ਕ੍ਰਿਕੇਟ ਸਟੇਡੀਅਮ ਵਿੱਚ ਆਇਰਲੈਂਡ ਖ਼ਿਲਾਫ਼ ਟੀ-20 ਵਿਸ਼ਵ ਕੱਪ 2024 ਦੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਵਿਸ਼ਵ ਕ੍ਰਿਕਟ ਦੇ ਸਭ ਤੋਂ ਵੱਡੇ ਮੁਕਾਬਲੇ ਵਿੱਚੋਂ ਇੱਕ, ਭਾਰਤ ਬਨਾਮ ਪਾਕਿਸਤਾਨ 9 ਜੂਨ ਨੂੰ ਖੇਡੇ ਜਾਣਗੇ। ਰੋਹਿਤ ਸ਼ਰਮਾ ਦੀ ਅਗਵਾਈ ਵਾਲਾ ਭਾਰਤ 12 ਜੂਨ ਨੂੰ ਅਮਰੀਕਾ ਅਤੇ 15 ਜੂਨ ਨੂੰ ਕੈਨੇਡਾ ਦਾ ਸਾਹਮਣਾ ਕਰੇਗਾ।

# ਕੋਹਲੀ ਤੇ ਰੋਹਿਤ ਕੋਲ 13 ਸਾਲ ਬਾਅਦ ICC ਟਰਾਫੀ ਜਿੱਤਣ ਦਾ ਆਖਰੀ ਮੌਕਾ!



ਅਜਿਹੇ ਦੋ ਕ੍ਰਿਕਟਰ ਮਿਲਣਾ ਮੁਸ਼ਕਿਲ ਹਨ ਜਿਹੜੇ ਇਕ-ਦੂਜੇ ਤੋਂ ਇੰਨੇ ਵੱਖ ਹੋਣ ਪਰ ਫਿਰ ਵੀ ਕਿਸਤਮ ਦੇ ਧਾਗੇ ਨਾਲ ਇੰਨਾ ਨੇੜਿਓਂ ਜੁੜੇ ਹੋਣ ਜਿਵੇਂ ਵਿਰਾਟ ਕੋਹਲੀ ਤੇ ਰੋਹਿਤ ਸ਼ਰਮਾ। ਰੋਹਿਤ ਨੇ ਚੋਟੀ ਪੱਧਰ ਦੀ ਕ੍ਰਿਕਟ ਵਿਚ ਸ਼ੁਰੂਆਤ 2007 ਵਿਚ ਬੇਲਫਾਸਟ ਵਿਚ ਕੀਤੀ ਸੀ ਜਦਕਿ ਕੋਹਲੀ ਨੇ ਇਸ ਤੋਂ ਇਕ ਸਾਲ ਬਾਅਦ ਦਾਂਬੁਲਾ ਵਿਚ ਆਪਣਾ ਪਹਿਲਾ ਕੌਮਾਂਤਰੀ ਮੈਚ ਖੇਡਿਆ ਸੀ। ਇਕੱਠੇ ਚੱਲੇ ਇਸ ਸਫਰ ਦਾ ਇਕ ਹੋਰ ਦਿਲਚਸਪ ਅਧਿਆਏ ਸੰਭਾਵਿਤ ਅਗਲੇ ਮਹੀਨੇ ਕੈਰੇਬੀਆਈ ਦੀਪਾਂ ਵਿਚ ਖਤਮ ਹੋ ਜਾਵੇਗਾ। ਅਗਲਾ ਟੀ-20 ਵਿਸ਼ਵ ਕੱਪ 2026 ਵਿਚ ਹੈ, ਜਿਸ ਦੀ ਮੇਜ਼ਬਾਨੀ ਭਾਰਤ ਤੇ ਸ਼੍ਰੀਲੰਕਾ ਸਾਂਝੇ ਤੌਰ 'ਤੇ ਕਰਨਗੇ ਪਰ ਤਦ ਰੋਹਿਤ 40 ਸਾਲ ਦਾ ਹੋਣ ਵਾਲਾ ਹੋਵੇਗਾ ਤੇ ਕੋਹਲੀ 38 ਸਾਲ ਦਾ ਹੋਵੇਗਾ। ਵਨ ਡੇ (50 ਓਵਰ) ਸਵਰੂਪ ਦਾ ਵਿਸ਼ਵ ਕੱਪ ਇਸ ਤੋਂ ਇਕ ਸਾਲ ਬਾਅਦ ਹੋਵੇਗਾ। ਖੇਡ ਦੀ ਸਟ੍ਰਾਈਕ ਰੇਟ ਨਾਲ ਜੁੜੀ ਪ੍ਰਕ੍ਰਿਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਸ ਨੂੰ ਦੇਖਦੇ ਹੋਏ ਇਨ੍ਹਾਂ ਦੋਵਾਂ ਨੂੰ ਇਨ੍ਹਾਂ ਵਿਚੋਂ ਕਿਸੇ ਵਿਚ ਵੀ ਖੇਡਦੇ ਹੋਏ ਦੇਖਣਾ ਮੁਸ਼ਕਿਲ ਹੈ। ਇਸ ਲਈ ਰੋਹਿਤ ਤੇ ਕੋਹਲੀ ਦੋਵੇਂ ਅਗਲੇ ਮਹੀਨੇ ਜੇਤੂ ਦਾ ਤਮਗਾ ਆਪਣੇ ਗਲੇ ਵਿਚ ਪਾ ਕੇ ਮੰਚ ਤੋਂ ਵਿਦਾਈ ਲੈਣਾ ਚਾਹੁਣਗੇ।

ਜੇਕਰ ਉਹ ਅਜਿਹਾ ਕਰਦੇ ਹਨ ਤਾਂ ਇਹ 2007 ਟੀ-20 ਵਿਸ਼ਵ ਕੱਪ (ਰੋਹਿਤ) ਤੇ 2011 ਵਿਚ 50 ਓਵਰਾਂ ਦੇ ਵਿਸ਼ਵ ਕੱਪ (ਕੋਹਲੀ) ਤੋਂ ਬਾਅਦ ਉਨ੍ਹਾਂ ਦਾ ਦੂਜਾ ਵਿਸ਼ਵ ਖਿਤਾਬ ਹੋਵੇਗਾ ਤੇ ਇਹ ਉਨ੍ਹਾਂ ਦੋਵਾਂ ਖਿਡਾਰੀਆਂ ਲਈ ਬਿਹਤਰੀਨ ਵਿਦਾਈ ਹੋਵੇਗੀ, ਜਿਨ੍ਹਾਂ ਨੇ ਪਿਛਲੇ 17 ਸਾਲਾਂ ਵਿਚ ਭਾਰਤ ਦੇ ਸੀਮਤ ਓਵਰਾਂ ਦੀ ਕ੍ਰਿਕਟ ਵਿਚ ਕਾਫੀ ਅਸਰ ਪਾਇਆ ਹੈ। ਹਾਲਾਂਕਿ ਕੋਹਲੀ-ਰੋਹਿਤ ਦੀ ਕਹਾਣੀ ਆਪਸੀ ਸਨਮਾਨ ਤੇ ਇਸ ਜਾਗਰੂਕਤਾ 'ਤੇ ਆਧਾਰਿਤ ਹੈ ਕਿ ਉਨ੍ਹਾਂ ਨੇ ਇਕ-ਦੂਜੇ ਦੇ ਕੰਮ ਵਿਚ ਦਖਲ ਨਹੀਂ ਦੇਣਾ। ਕੋਹਲੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਤੋਂ ਹੀ ਰੋਹਿਤ ਲਈ ਉਸਦੇ ਮਨ ਵਿਚ ਸ਼ਲਾਘਾ ਹੈ। ਉਸਦੇ ਬਾਰੇ ਵਿਚ ਗੱਲ ਕੀਤੀ ਹੈ।

ਕੋਹਲੀ ਨੇ 'ਬ੍ਰੇਕਫਾਸਟ ਵਿਦ ਚੈਂਪੀਅਨਸ' ਵਿਚ ਕਿਹਾ ਸੀ, "ਮੈਂ ਇਕ ਖਿਡਾਰੀ ਦੇ ਬਾਰੇ ਵਿਚ ਉਤਸ਼ਾਹ ਨਾਲ ਭਰਿਆ ਹੋਇਆ ਸੀ। ਲੋਕ ਕਹਿੰਦੇ ਰਹਿੰਦੇ ਸਨ-'ਇਹ ਇਕ ਅਜਿਹਾ ਖਿਡਾਰੀ ਹੈ ਜਿਹੜਾ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ'। ਮੈਨੂੰ ਹੈਰਾਨੀ ਹੁੰਦੀ ਸੀ ਕਿ ਮੈਂ ਵੀ ਇਕ ਨੌਜਵਾਨ ਖਿਡਾਰੀ ਹਾਂ ਪਰ ਕੋਈ ਮੇਰੇ ਬਾਰੇ ਵਿਚ ਗੱਲ ਨਹੀਂ ਕਰਦਾ, ਫਿਰ ਇਹ ਖਿਡਾਰੀ ਕੌਣ ਹੈ।"

ਉਸ ਨੇ ਕਿਹਾ,"ਪਰ ਜਦੋਂ ਉਹ (ਰੋਹਿਤ) ਬੱਲੇਬਾਜ਼ੀ ਕਰਨ ਲਈ ਆਇਆ ਤਾਂ ਮੈਂ ਚੁੱਪ ਸੀ। ਉਸ ਨੂੰ ਖੇਡਦੇ ਹੋਏ ਦੇਖਣਾ ਅਦਭੁੱਤ ਸੀ। ਅਸਲੀਅਤ ਵਿਚ ਮੈਂ ਉਸ ਤੋਂ ਬਿਹਤਰ ਕਿਸੇ ਖਿਡਾਰੀ ਨੂੰ ਗੇਂਦ ਨੂੰ ਟਾਈਮ ਕਰਦੇ ਹੋਏ ਨਹੀਂ ਦੇਖਿਆ।"

ਦੋਵਾਂ ਬੱਲੇਬਾਜ਼ਾਂ ਵਿਚ ਕੋਹਲੀ ਸਾਰੇ ਸਵਰੂਪਾਂ ਵਿਚ ਵਧੇਰੇ ਅਨੁਕੂਲ ਬੱਲੇਬਾਜ਼ ਹੈ, ਜਿਸ ਨੇ ਖੇਡ ਦੇ ਬਦਲਦੇ ਸਵਰੂਪ ਦੇ ਨਾਲ ਵਧੇਰੇ ਸਹਿਜਤਾ ਨਾਲ ਅਨੁਕੂਲ ਕੀਤਾ ਹੈ। ਉਸ ਨੇ ਕ੍ਰਿਕਟ ਦੀ ਦੁਨੀਆ ਵਿਚ ਹਰ ਜਗ੍ਹਾ ਦੌੜਾਂ ਬਣਾਈਆਂ ਹਨ ਜਿਹੜਾ ਸਚਿਨ ਤੇਂਦੁਲਕਰ ਦੇ ਸੁਨਹਿਰੇ ਦਿਨਾਂ ਤੋਂ ਬਾਅਦ ਸ਼ਾਇਦ ਹੀ ਕਦੇ ਦੇਖਿਆ ਗਿਆ ਹੋਵੇ। ਰੋਹਿਤ ਨੇ ਸਫੈਦ ਗੇਂਦ ਦੇ ਸਵਰੂਪ ਵਿਚ ਆਪਣੀ ਵੱਖਰੀ ਪਛਾਣ ਬਣਾਈ ਪਰ ਮੁੰਬਈ ਦਾ ਇਹ ਬੱਲੇਬਾਜ਼ ਆਪਣੇ ਕਰੀਅਰ ਵਿਚ ਜ਼ਿਆਦਾਤਰ ਸਮੇਂ ਟੈਸਟ ਕ੍ਰਿਕਟ ਵਿਚ ਉਹ ਸਫਲਤਾ ਹਾਸਲ ਨਹੀਂ ਕਰ ਸਕਿਆ। ਕਰੀਅਰ ਦੇ ਦੂਜੇ ਹਾਫ ਵਿਚ ਸਲਾਮੀ ਬੱਲੇਬਾਜ਼ ਦੀ ਭੂਮਿਕਾ ਵਿਚ ਹਾਲਾਂਕਿ ਰੋਹਿਤ ਨੇ ਟੈਸਟ ਕ੍ਰਿਕਟ ਵਿਚ ਬਿਹਤਰ ਪ੍ਰਦਰਸ਼ਨ ਕੀਤਾ ਪਰ ਹੁਣ ਕੋਹਲੀ ਤੇ ਰੋਹਿਤ ਨੂੰ ਟੀ-20 ਵਿਸ਼ਵ ਕੱਪ ਵਿਚ ਭਾਰਤ ਦੀ ਮੁਹਿੰਮ ਨੂੰ ਅੱਗੇ ਵਧਾਉਣ ਲਈ ਇਸ ਸਵਰੂਪ ਵਿਚ ਆਪਣੇ ਵੱਡੇ ਤਜਰਬੇ 'ਤੇ ਨਿਰਭਰ ਰਹਿਣਾ ਪਵੇਗਾ। ਰੋਹਿਤ ਨਿਸ਼ਚਿਤ ਰੂਪ ਨਾਲ ਪਾਰੀ ਦਾ ਆਗਾਜ਼ ਕਰੇਗਾ ਤੇ ਜੇਕਰ ਪਿਛਲੇ ਸਾਲ ਦੇ ਵਿਸ਼ਵ ਕੱਪ ਤੇ ਹਾਲ ਹੀ ਵਿਚ ਖਤਮ ਹੋਏ ਆਈ. ਪੀ.ਐੱਲ. ਨੂੰ ਸੰਕੇਤ ਮੰਨਿਆ ਜਾਵੇ ਤਾਂ ਕਪਤਾਨ ਆਪਣਾ ਨਿਰਸਵਾਰਥ, ਹਮਲਾਵਰ ਰਵੱਈਆ ਜਾਰੀ ਰੱਖਣਗੇ। ਰੋਹਿਤ ਵਿਚ ਵੱਡੀਆਂ ਸ਼ਾਟਾਂ ਖੇਡਣ ਦੀ ਸਮਰੱਥਾ ਹੈ, ਜਿਸ ਨਾਲ ਉਸ ਨੂੰ ਮਦਦ ਮਿਲੇਗੀ। ਉਸਦਾ ਇਕ ਪੈਰ 'ਤੇ ਭਾਰ ਪਾ ਕੇ ਪੁਲ ਸ਼ਾਟ ਖੇਡਣਾ ਕਿਸੇ ਨੂੰ ਵੀ ਆਪਣੇ ਵੱਲ ਖਿੱਚ ਸਕਦਾ ਹੈ ਪਰ ਕੋਹਲੀ ਦੀ ਖੇਡ ਥੋੜ੍ਹੀ ਵੱਖਰੀ ਹੈ। ਉਹ ਕਦੇ-ਕਦਾਈ ਵੱਡੀ ਹਿੱਟ ਲਾ ਸਕਦਾ ਹੈ ਪਰ ਉਸ ਨੂੰ ਅਕਸਰ ਸਪਿਨ ਵਿਰੁੱਧ ਜੂਝਣਾ ਪੈਂਦਾ ਹੈ, ਵਿਸ਼ੇਸ਼ ਤੌਰ 'ਤੇ ਖੱਬੇ ਹੱਥ ਦੇ ਸਪਿਨਰਾਂ ਵਿਰੁੱਧ। ਟੀ-20 ਵਿਚ ਹੌਲੇ ਗੇਂਦਬਾਜ਼ਾਂ ਵਿਰੁੱਧ ਉਸਦੀ ਕਰੀਅਰ ਸਟ੍ਰਾਈਕ ਰੇਟ 120 ਦੇ ਨੇੜੇ-ਤੇੜੇ ਰਹਿੰਦੀ ਹੈ। ਕਈ ਵਾਰ ਇਸ ਨੇ ਵਿਚਾਲੇ ਦੇ ਓਵਰਾਂ ਵਿਚ ਉਸਦੀ ਤਰੱਕੀ ਵਿਚ ਅੜਿੱਕਾ ਪਾਇਆ ਪਰ ਇਸ ਸਾਲ ਦੇ ਆਈ. ਪੀ. ਐੱਲ. ਦੌਰਾਨ ਉਸ ਨੂੰ ਇਸਦਾ ਹੱਲ ਮਿਲ ਗਿਆ। ਉਸ ਨੇ ਸਪਿਨਰਾਂ ਵਿਰੁੱਧ ਸਲਾਗ ਸਲੀਪ ਦਾ ਇਸਤੇਮਾਲ ਕੀਤਾ। ਇਸਦਾ ਉਸਦੀ ਸਟ੍ਰਾਈਕ ਰੇਟ 'ਤੇ ਚੰਗਾ ਅਸਰ ਪਿਆ ਕਿਉਂਕਿ ਕੋਹਲੀ ਨੇ 188 ਗੇਂਦਾਂ ਵਿਚ 260 ਦੌੜਾਂ ਬਣਾਈਆਂ ਤੇ ਸਪਿਨਰਾਂ ਵਿਰੁੱਧ 15 ਛੱਕੇ ਲਾਏ। ਸਪਿਨ ਵਿਰੁੱਧ ਉਸਦੀ ਸਟ੍ਰਾਈਕ ਰੇਟ 139 ਤਕ ਪਹੁੰਚ ਗਈ, ਜਿਹੜੀ ਉਸਦੇ ਆਈ. ਪੀ. ਐੱਲ. ਦੇ 124 ਦੀ ਕੁਲ ਸਟ੍ਰਾਈਕ ਰੇਟ ਤੋਂ ਕਾਫੀ ਬਿਹਤਰ ਹੈ। ਇਹ ਕੋਹਲੀ ਲਈ ਟੀ-20 ਵਿਸ਼ਵ ਕੱਪ ਵਿਚ ਕੰਮ ਆ ਸਕਦੀ ਹੈ, ਜਿੱਥੇ ਪਿੱਚਾਂ ਦੇ ਟੂਰਨਾਮੈਂਟ ਅੱਗੇ ਵਧਣ ਦੇ ਨਾਲ ਹੌਲੀਆਂ ਹੋਣ ਦੀ ਉਮੀਦ ਹੈ, ਜਿਸ ਨਾਲ ਸਪਿਨਰਾਂ ਦੀ ਅਹਿਮੀਅਤ ਵਧਦੀ ਜਾਵੇਗੀ। ਕ੍ਰਿਕਟ ਦੇ ਦਾਇਰੇ ਤੋਂ ਪਰੇ ਦੋਵੇਂ ਧਾਕੜਾਂ ਦਾ ਆਈ. ਸੀ. ਸੀ. ਟਰਾਫੀ ਜਿੱਤਣ ਦੀ ਆਖਰੀ ਕੋਸ਼ਿਸ਼ ਕਰਨਾ ਵਿਅਕਤੀਗਤ ਰੂਪ ਨਾਲ ਤੇ ਟੀਮ ਲਈ ਇਕ ਖਿੱਚ ਦਾ ਕੇਂਦਰ ਹੋਵੇਗਾ। ਪ੍ਰਸ਼ੰਸਕ ਵੀ ਇਸਦਾ ਵੱਧ ਤੋਂ ਵੱਧ ਮਜ਼ਾ ਚੁੱਕਣਾ ਚਾਹੁਣਗੇ।

# ਕੈਨੇਡਾ 'ਚ ਵਿਦਿਆਰਥੀਆਂ ਨਾਲ ਧੋਖਾਧੜੀ ਮਾਮਲੇ 'ਚ ਭਾਰਤੀ ਇਮੀਗ੍ਰੇਸ਼ਨ ਏਜੰਟ ਨੇ ਕਬੂਲਿਆ ਦੋਸ਼



ਭਾਰਤੀ ਵਿਦਿਆਰਥੀਆਂ ਨੂੰ ਫਰਜ਼ੀ ਕਾਲਜ ਦਾਖਲਾ ਜਾਰੀ ਕਰ ਕੇ ਕੈਨੇਡਾ ਦਾ ਵੀਜ਼ਾ ਦਿਵਾਉਣ ਲਈ ਧੋਖਾਧੜੀ ਕਰਨ ਦੇ ਮਾਮਲੇ ਵਿਚ ਸ਼ਾਮਲ ਇਕ ਭਾਰਤੀ ਇਮੀਗ੍ਰੇਸ਼ਨ ਏਜੰਟ ਨੂੰ ਵੈਨਕੂਵਰ ਦੀ ਇਕ ਅਦਾਲਤ ਵਿਚ ਇਮੀਗ੍ਰੇਸ਼ਨ ਅਪਰਾਧਾਂ ਲਈ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 3 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਮੀਡੀਆ ਰਿਪੋਰਟਾਂ ਵਿਚ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਬ੍ਰਿਜੇਸ਼ ਮਿਸ਼ਰਾ (37) ਨੂੰ ਕੈਨੇਡੀਅਨ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐਸ.ਏ) ਦੀ ਜਾਂਚ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ ਜਦੋਂ ਉਸਨੂੰ ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਦਰਜਨਾਂ ਫਰਜ਼ੀ ਸਵੀਕ੍ਰਿਤੀ ਪੱਤਰਾਂ ਨਾਲ ਜੋੜਿਆ ਗਿਆ ਸੀ ਜੋ 2016 ਅਤੇ 2020 ਦੇ ਵਿਚਕਾਰ ਭਾਰਤ ਤੋਂ ਸੰਭਾਵੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੇ ਗਏ ਸਨ। ਲਾਲ ਰੰਗ ਦਾ ਜੰਪਸੂਟ ਪਹਿਨੇ, ਮਿਸ਼ਰਾ ਨੇ ਬੁੱਧਵਾਰ ਨੂੰ ਵੈਨਕੂਵਰ ਅਦਾਲਤ ਦੇ ਅੰਦਰ ਖੜ੍ਹੇ ਹੋ ਕੇ ਕੈਨੇਡੀਅਨ ਇਮੀਗ੍ਰੇਸ਼ਨ ਦੇ ਕਈ ਅਪਰਾਧਾਂ ਲਈ ਮੁਆਫੀ ਮੰਗੀ। ਸੀ.ਬੀ.ਸੀ ਨਿਊਜ਼ ਦੀ ਰਿਪੋਰਟ ਮੁਤਾਬਕ ਮਿਸ਼ਰਾ ਨੇ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਪ੍ਰੋਟੈਕਸ਼ਨ ਐਕਟ ਨਾਲ ਸਬੰਧਤ ਤਿੰਨ ਦੋਸ਼ਾਂ ਲਈ ਦੋਸ਼ੀ ਮੰਨਿਆ ਹੈ, ਜਿਸ ਵਿੱਚ ਗ਼ਲਤ ਬਿਆਨਬਾਜ਼ੀ ਅਤੇ ਗਲਤ ਜਾਣਕਾਰੀ ਦਾ ਸੰਚਾਰ ਕਰਨਾ ਸ਼ਾਮਲ ਹੈ। ਉਸਨੇ ਅਦਾਲਤ ਵਿਚ ਕਿਹਾ,"ਮੈਨੂੰ ਮੁਆਫ਼ ਕਰਨਾ"। "ਮੈਂ ਅਤੀਤ ਨੂੰ ਨਹੀਂ ਬਦਲ ਸਕਦਾ, ਪਰ ਮੈਂ ਇਹ ਯਕੀਨੀ ਬਣਾ ਸਕਦਾ ਹਾਂ ਕਿ ਮੈਂ ਭਵਿੱਖ ਵਿੱਚ ਇਸਨੂੰ ਦੁਬਾਰਾ ਨਾ ਕਰਾਂ।" ਇੱਥੇ ਦੱਸ ਦਈਏ ਕਿ ਮਿਸ਼ਰਾ ਨੂੰ ਜੂਨ 2023 ਵਿਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਟੂਰਿਸਟ ਵੀਜ਼ੇ 'ਤੇ ਕੈਨੇਡਾ ਵਿਚ ਦਾਖਲ ਹੋਇਆ ਸੀ, ਜਿਸ ਦੀ ਮਿਆਦ ਉਸ ਦੀ ਗ੍ਰਿਫਤਾਰੀ ਦੇ ਸਮੇਂ ਖ਼ਤਮ ਹੋ ਚੁੱਕੀ ਸੀ।ਕ੍ਰਾਊਨ ਅਤੇ ਬਚਾਅ ਪੱਖ ਦੇ ਵਕੀਲਾਂ ਨੇ ਤਿੰਨ ਸਾਲ ਦੀ ਕੈਦ ਦੀ ਮੰਗ ਕਰਦੇ ਹੋਏ ਇੱਕ ਸੰਯੁਕਤ ਸਜ਼ਾ ਦੀ ਬੇਨਤੀ ਜਾਰੀ ਕੀਤੀ ਸੀ, ਜਿਸ ਨੂੰ ਜੱਜ ਨੇ ਸਹਿਮਤੀ ਦਿੱਤੀ। 2023 ਦੀ ਗ੍ਰਿਫ਼ਤਾਰੀ ਤੋਂ ਬਾਅਦ ਮਿਸ਼ਰਾ ਦੇ ਹਿਰਾਸਤ ਵਿੱਚ ਬਿਤਾਏ ਗਏ ਸਮੇਂ ਨੂੰ ਸਰਵਿਸ ਮਿਆਦ ਦੇ ਰੂਪ ਵਿੱਚ ਗਿਣਿਆ ਜਾਂਦਾ ਹੈ, ਮਤਲਬ ਕਿ ਉਹ ਵਾਧੂ 19 ਮਹੀਨੇ ਦੀ ਸਜ਼ਾ ਕੱਟੇਗਾ। ਸੀ.ਬੀ.ਸੀ ਨਿਊਜ਼ ਨੇ ਮਿਸ਼ਰਾ ਦੇ ਬਚਾਅ ਪੱਖ ਦੇ ਵਕੀਲ ਗਗਨ ਨਾਹਲ ਦੇ ਹਵਾਲੇ ਨਾਲ ਕਿਹਾ, "ਸੀ.ਬੀ.ਐਸ.ਏ ਦੀ ਜਾਂਚ ਦੌਰਾਨ 12 ਪੀੜਤ ਸਾਹਮਣੇ ਆਏ ਹਨ। ਕੈਨੇਡਾ ਵਿੱਚ ਆਪਣੀ ਸਜ਼ਾ ਭੁਗਤਣ ਤੋਂ ਬਾਅਦ ਮਿਸ਼ਰਾ ਨੂੰ ਭਾਰਤ ਭੇਜੇ ਜਾਣ ਦੀ ਉਮੀਦ ਹੈ ਜਿੱਥੇ ਉਸ ਨੂੰ ਮਨੁੱਖੀ ਤਸਕਰੀ ਦੇ ਅਪਰਾਧ ਸਮੇਤ ਹੋਰ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪਵੇਗਾ। ਉਸ ਅਪਰਾਧ ਲਈ ਸਭ ਤੋਂ ਵੱਧ ਸਜ਼ਾ ਮੌਤ ਹੈ। ਅਦਾਲਤ ਵਿੱਚ ਕੋਈ ਵੀ ਪੀੜਤ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਮੌਜੂਦ ਨਹੀਂ ਸਨ। ਫੈਡਰਲ ਕਰਾਊਨ ਪ੍ਰੌਸੀਕਿਊਟਰ ਮੌਲੀ ਗ੍ਰੀਨ ਨੇ ਕੇਸ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਫਰਾਂਸ ਨੇ ਨਾਗਰਿਕਤਾ ਨਿਯਮਾਂ 'ਚ ਕੀਤੀ ਤਬਦੀਲੀ, ਸਵਾ ਲੱਖ ਭਾਰਤੀ ਪ੍ਰਭਾਵਿਤ



ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਪ੍ਰਵਾਸੀਆਂ ਲਈ ਨਾਗਰਿਕਤਾ ਕਾਨੂੰਨ ਵਿੱਚ ਵੱਡੇ ਬਦਲਾਅ ਦਾ ਐਲਾਨ ਕੀਤਾ ਹੈ। ਇਸ ਬਦਲਾਅ ਨਾਲ ਉੱਥੇ ਰਹਿ ਰਹੇ 1.25 ਲੱਖ ਤੋਂ ਵੱਧ ਭਾਰਤੀ ਪ੍ਰਵਾਸੀ ਪ੍ਰਭਾਵਿਤ ਹੋਣਗੇ। ਇਮੀਗ੍ਰੇਸ਼ਨ ਪਾਬੰਦੀਆਂ ਨੂੰ ਸਖਤ ਕਰਨ ਦੇ ਤਹਿਤ ਫਰਾਂਸ ਵਿੱਚ ਵਿਦੇਸ਼ੀ ਮਾਪਿਆਂ ਦੇ ਘਰ ਪੈਦਾ ਹੋਏ ਬੱਚਿਆਂ ਲਈ ਨਾਗਰਿਕਤਾ ਕਾਨੂੰਨ ਇੱਕ ਨਵੇਂ ਕਾਨੂੰਨ ਦੇ ਤਹਿਤ ਬਦਲਿਆ ਗਿਆ ਹੈ। ਇਸ ਕਾਨੂੰਨ ਦੇ ਤਹਿਤ ਹੁਣ ਉਨ੍ਹਾਂ ਨੂੰ ਸਿਰਫ ਜਨਮ ਦੇ ਆਧਾਰ 'ਤੇ ਹੀ ਨਾਗਰਿਕਤਾ ਨਹੀਂ ਮਿਲੇਗੀ। ਫਰਾਂਸ ਵਿੱਚ ਜਨਮ ਤੋਂ ਤੁਰੰਤ ਬਾਅਦ ਨਾਗਰਿਕਤਾ ਲੈਣ ਦੀ ਬਜਾਏ ਹੁਣ ਇਨ੍ਹਾਂ ਬੱਚਿਆਂ ਨੂੰ 16 ਤੋਂ 18 ਸਾਲ ਦੀ ਉਮਰ ਵਿੱਚ ਨਾਗਰਿਕਤਾ ਲਈ ਅਪਲਾਈ ਕਰਨਾ ਹੋਵੇਗਾ।ਇਸ ਤੋਂ ਪਹਿਲਾਂ ਫਰਾਂਸ ਵਿੱਚ ਪੈਦਾ ਹੋਏ ਭਾਰਤੀ ਮਾਪਿਆਂ ਦੇ ਬੱਚੇ 11 ਸਾਲ ਦੀ ਉਮਰ ਵਿੱਚ ਨਾਗਰਿਕਤਾ ਲਈ ਅਰਜ਼ੀ ਦੇ ਸਕਦੇ ਸਨ, ਇਸ ਲਈ ਉਨ੍ਹਾਂ ਨੂੰ 5 ਸਾਲ ਤੱਕ ਫਰਾਂਸ ਵਿੱਚ ਰਹਿਣਾ ਜ਼ਰੂਰੀ ਸੀ। ਨਵੇਂ ਨਿਯਮਾਂ ਮੁਤਾਬਕ ਭਾਰਤੀ ਮਾਪਿਆਂ ਦੇ ਬੱਚੇ 16 ਤੋਂ 18 ਸਾਲ ਦੀ ਉਮਰ ਵਿੱਚ ਹੀ ਅਪਲਾਈ ਕਰ ਸਕਣਗੇ। ਜਿਸਕਾਰਨ ਉਨ੍ਹਾਂ ਨੂੰ ਨਾਗਰਿਕਤਾ ਮਿਲਣ ਵਿੱਚ ਦੇਰੀ ਹੋਵੇਗੀ। ਜੇਕਰ ਕੋਈ ਵਿਅਕਤੀ ਅਪਲਾਈ ਕਰਨ ਤੋਂ ਪਹਿਲਾਂ ਦੇਸ਼ ਤੋਂ ਬਾਹਰ ਚਲਾ ਗਿਆ ਹੈ ਤਾਂ ਉਸ ਨੂੰ ਵਾਪਸ ਆਉਣ ਤੋਂ ਬਾਅਦ ਦੁਬਾਰਾ ਨਾਗਰਿਕਤਾ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਫਰਾਂਸ ਵਿੱਚ 1.24 ਲੱਖ ਤੋਂ ਵੱਧ ਭਾਰਤੀ ਪ੍ਰਵਾਸੀ ਰਹਿੰਦੇ ਹਨ, ਜਿਨ੍ਹਾਂ ਵਿੱਚੋਂ 19 ਹਜ਼ਾਰ ਤੋਂ ਵੱਧ ਪ੍ਰਵਾਸੀ ਭਾਰਤੀ ਹਨ।

# ਟਰੰਪ ਦੇ ਮਾਮਲੇ 'ਚ ਕੋਈ ਫ਼ੈਸਲੇ ਨਹੀਂ ਲੈ ਸਕੀ ਜਿਊਰੀ, ਜੱਜ ਨੇ ਕਰ ਦਿੱਤਾ ਬਰਖ਼ਾਸਤ



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖ਼ਿਲਾਫ਼ 'ਚੁੱਪ ਰਹਿਣ ਲਈ ਪੈਸੇ ਲੈਣ' ਦੇ ਮਾਮਲੇ ਵਿਚ ਸੁਣਵਾਈ ਕਰ ਰਹੀ ਜਿਊਰੀ ਘੰਟਿਆਂ ਤੱਕ ਵਿਚਾਰ ਚਰਚਾ ਕਰਨ ਤੋਂ ਬਾਅਦ ਕੋਈ ਫ਼ੈਸਲਾ ਨਾ ਲੈ ਸਕੀ। ਕੋਈ ਫ਼ੈਸਲਾ ਨਾ ਲੈਣ ਦੇ ਸਬੰਧ ਵਿਚ ਨਿਊਯਾਰਕ ਸੁਪਰੀਮ ਕੋਰਟ ਦੇ ਜੱਜ ਜੁਆਨ ਮਰਚਨ ਨੇ ਜਿਊਰੀ ਨੂੰ ਹੀ ਬਰਖ਼ਾਸਤ ਕਰ ਦਿੱਤਾ। NBC ਦੀ ਰਿਪੋਰਟ 'ਚ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਗਈ ਹੈ। ਰਿਪੋਰਟ ਵਿਚ ਬੁੱਧਵਾਰ ਨੂੰ ਕਿਹਾ ਗਿਆ ਹੈ ਕਿ ਜੱਜ ਮਾਰਕੇਨ ਨੇ ਜਿਊਰੀ ਨੂੰ ਪੂਰੇ ਦਿਨ ਲਈ ਬਰਖ਼ਾਸਤ ਕਰ ਦਿੱਤਾ ਅਤੇ ਉਨ੍ਹਾਂ ਨੂੰ ਆਦੇਸ਼ ਦਿੱਤਾ।ਇਸ ਦੇ ਨਾਲ ਹੀ ਉਹਨਾਂ ਨੇ ਇਸ ਮਾਮਲੇ ਦੀ ਚਰਚਾ ਨਾ ਕਰਨ ਅਤੇ ਉਸ ਦੇ ਬਾਰੇ ਕੋਈ ਜਾਣਕਾਰੀ ਹਾਸਲ ਨਾ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਜਿਊਰੀ ਵੀਰਵਾਰ ਨੂੰ ਸਵੇਰੇ 9:30 ਵਜੇ ਮੁੜ ਵਿਚਾਰ-ਵਟਾਂਦਰਾ ਸ਼ੁਰੂ ਕਰੇਗੀ। ਮਿਸਟਰ ਟਰੰਪ 'ਤੇ ਬਾਲਗ ਫਿਲਮ ਅਭਿਨੇਤਰੀ ਸਟੋਰਮੀ ਡੈਨੀਅਲਸ ਨੂੰ ਕਥਿਤ ਰੂਪ ਤੋਂ ਚੁੱਪ ਰਹਿਣ ਲਈ ਪੈਸੇ ਦੇਣ ਦੇ ਸਬੰਧਤ ਰਿਕਾਰਡ ਵਿਚ ਹੇਰਾਫੇਰੀ ਕਰਨ ਦਾ ਦੋਸ਼ ਹੈ। ਹਾਲਾਂਕਿ ਉਨ੍ਹਾਂ ਨੇ ਇਨ੍ਹਾਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ 2024 ਦੀ ਅਮਰੀਕੀ ਰਾਸ਼ਟਰਪਤੀ ਦੀ ਦੌੜ ਦੌਰਾਨ ਚੁੱਕੇ ਗਏ ਇਸ ਮਾਮਲੇ ਦੀ ਨਿੰਦਾ ਕਰਦੇ ਹੋਏ ਇਸ ਨੂੰ ਚੋਣਾਂ ਵਿੱਚ ਦਖਲਅੰਦਾਜ਼ੀ ਦੱਸਿਆ ਹੈ।

# ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਵਿਕਸਤ ਅੰਮ੍ਰਿਤਸਰ 'ਤੇ ਦਿੱਤੇ ਵੱਡੇ ਬਿਆਨ

ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ਼ ਅਮਰੀਕਾ, ਕੰਵਲਜੀਤ ਸਿੰਘ ਸੋਨੀ ਪ੍ਰਧਾਨ ਸਿੱਖਸ ਆਫ਼ ਅਮਰੀਕਾ ਇਨੀਂ ਦਿਨੀਂ ਪੰਜਾਬ ਦੀ ਯਾਤਰਾ 'ਤੇ ਹਨ। ਵਰਿੰਦਰ ਸਿੰਘ, ਇੰਡੀਆ ਕੋਆਰਡੀਨੇਟਰ ਅਤੇ ਸੁਖਪਾਲ ਸਿੰਘ ਧਨੋਆ ਡਾਇਰੈਕਟਰ ਸਿੱਖਸ ਆਫ਼ ਅਮਰੀਕਾ ਵੀ ਉਨਾਂ ਦੇ ਨਾਲ ਹਨ। ਸ: ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਅੰਮ੍ਰਿਤਸਰ, ਪੰਜਾਬ ਵਿੱਚ ਡਰੱਗ ਮੁਕਤ 'ਤੇ ਸਵੱਛ ਅੰਮ੍ਰਿਤਸਰ ਲਈ ਸਟਾਰਟ-ਅਪ ਇਨਵੈਸਟਮੈਂਟ ਕੀਤੀ ਜਾਵੇਗੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਉਨਾਂ ਕਿਹਾ ਕਿ ਤਰਨਜੀਤ ਸਿੰਘ ਸੰਧੂ ਜੋ ਅਮਰੀਕਾ ਵਿੱਚ ਅੰਬੈਸਡਰ ਰਹਿ ਚੁੱਕੇ ਹਨ ਤੇ ਹੁਣ ਅੰਮ੍ਰਿਤਸਰ ਲਈ ਚੋਣ ਲੜ ਰਹੇ ਹਨ, ਉਨਾਂ ਨੇ ਐੱਨ.ਆਰ.ਆਈਜ਼. ਨੂੰ ਅੰਮ੍ਰਿਤਸਰ ਵਿੱਚ ਸੁਧਾਰ ਤੇ ਨਿਵੇਸ਼ ਕਰਨ ਲਈ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਦੀ ਪ੍ਰੇਰਨਾ ਨਾਲ ਅਮਰੀਕਾ ਦੀ ਸਟੇਟ ਮੈਰੀਲੈਂਡ ਸਥਿਤ ਵੱਡੇ ਨਿਵੇਸ਼ਕ ਡਾ. ਸੰਜੀਵ ਲਖਨਪਾਲ ਅਤੇ ਡਾ. ਸੁਧੀਰ ਸਕਸੇਰੀਆ ਨੇ ਵਿਕਸਤ ਅੰਮ੍ਰਿਤਸਰ ਸੰਸਥਾ ਦਾ ਗਠਨ ਕੀਤਾ। ਸ: ਜੱਸੀ ਨੇ ਦੱਸਿਆ ਕਿ ਸਿੱਖਸ ਆਫ਼ ਅਮਰੀਕਾ ਵੀ ਇਸ ਸੰਗਠਨ ਦਾ ਹਿੱਸਾ ਹੈ ਤੇ ਇਸ ਸੰਗਠਨ ਨੇ 100 ਮਿਲੀਅਨ ਡਾਲਰ ਦਾ ਅੰਮ੍ਰਿਤਸਰ ਕਰਨ ਦੀ ਯੋਜਨਾ ਬਣਾਈ ਹੈ। ਡਾ. ਸਕਸੇਰੀਆ ਨੇ ਅੰਮ੍ਰਿਤਸਰ ਨੂੰ ਡਰੱਗ ਮੁਕਤ ਦੀ ਮੁਹਿੰਮ ਵਿੱਚ 50,000 ਨਾਰੋਕਲੈਕਸ ਦੇ ਟੀਕੇ ਮੁਫ਼ਤ ਭੇਜਣ ਦਾ ਵੀ ਸਾਈਨ ਕੀਤਾ।




ਜੱਸੀ ਨੇ ਇਹ ਵੀ ਦੱਸਿਆ ਕਿ ਸਵੱਛ ਅੰਮ੍ਰਿਤਸਰ ਸਬੰਧ ਵਿੱਚ ਉਨਾਂ ਨੇ ਅੰਮ੍ਰਿਤਸਰ ਦੇ ਕਮਿਸ਼ਨਰ ਹਰਪ੍ਰੀਤ ਸਿੰਘ ਦੇ ਨਾਲ ਇੱਕ ਅਹਿਮ ਮੀਟਿੰਗ ਕੀਤੀ, ਜਿਹਦੇ ਵਿੱਚ ਸਾਊਥ ਅੰਮ੍ਰਿਤਸਰ ਸਫ਼ਾਈ ਲਈ ਬੀੜਾ ਚੁੱਕਿਆ ਗਿਆ। ਜੱਸੀ ਨੇ ਇਹ ਵੀ ਦੱਸਿਆ ਕਿ ਸ੍ਰ. ਤਰਨਜੀਤ ਸਿੰਘ ਸੰਧੂ ਜੀ ਨੇ ਜੋ ਸੁਪਨਾ ਦਿੱਤਾ ਸੀ ਕਿ ਇੰਦੌਰ ਜੋ ਭਾਰਤ ਦਾ ਸਭ ਤੋਂ ਕਲੀਨ ਸਿਟੀ ਹੈ, ਅੰਮ੍ਰਿਤਸਰ ਨੂੰ ਉਸੇ ਤਰ੍ਹਾਂ ਦਾ ਕਲੀਨ ਸਿਟੀ ਬਣਾਇਆ ਜਾਵੇਗਾ। ਹੁਣ ਉਨ੍ਹਾਂ ਦਾ ਇਹ ਸੁਪਨਾ ਪੂਰਾ ਹੋਵੇਗਾ। ਇਸ ਮੌਕੇ ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮੇਰਿਕਾ ਅਤੇ ਸਿੱਖਸ ਆਫ ਅਮੈਰਿਕਾ ਇੰਡੀਆ ਵਲੋਂ ਆਪਸੀ ਸਹਿਯੋਗ ਨਾਲ 2023-2024 ਵਿਚ 8000 ਲੋਕਾਂ ਦਾ ਮੈਡੀਕਲ ਟਰੀਟਮੈਂਟ ਕਰਵਾਇਆ ਗਿਆ, ਹੜ੍ਹਾਂ ਦੀ ਮਾਰ ਸਮੇਂ 'ਚ 25000 ਫੂਡ ਪੈਕੇਟ ਵੰਡੇ ਗਏ, ਤਿੰਨ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਗਏ ਅਤੇ ਇਸ ਤੋਂ ਇਲਾਵਾ ਲੋੜਵੰਦ ਲੋਕਾਂ ਲਈ ਅਮਰੀਕਾ 'ਚੋਂ ਸੰਗਤ ਤੋਂ ਇਕੱਠੇ ਕੀਤੇ ਗਏ ਕੱਪੜੇ ਵੱਡੀ ਮਾਤਰਾ ਵਿੱਚ ਇੰਡੀਆ ਭੇਜੇ ਗਏ। ਯਾਦ ਰਹੇ ਕਿ ਇਸੇ ਸਾਲ ਸਿੱਖਸ ਆਫ਼ ਅਮਰੀਕਾ ਦੀ ਟੀਮ ਲੰਘੀ 6 ਫਰਵਰੀ ਨੂੰ ਆਈ ਸੀ ਜਿਸ ਵਿੱਚ ਉਹਨਾਂ ਅੰਮ੍ਰਿਤਸਰ ਦੇ ਬੱਚਿਆਂ ਨੂੰ ਸਕਾਲਰਸ਼ਿਪ ਦੇਣ ਦਾ ਐਲਾਨ ਕੀਤਾ ਸੀ ਅਤੇ ਇਸ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਗਿਆ ਹੈ।

# ਟਰੰਪ ਦੀ ਸਾਬਕਾ ਵਕੀਲ ਜੇਨਾ ਐਲਿਸ ਦਾ 3 ਸਾਲ ਲਈ ਲਾਇਸੈਂਸ ਮੁਅੱਤਲ



ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਕੀਲ ਜੇਨਾ ਐਲਿਸ ਨੂੰ ਕੋਲੋਰਾਡੋ ਦੀ ਸੁਪਰੀਮ ਕੋਰਟ ਨੇ ਬੀਤੇ ਦਿਨ ਵੱਡਾ ਝਟਕਾ ਦਿੱਤਾ। ਅਦਾਲਤ ਦੇ ਫ਼ੈਸਲੇ ਮੁਤਾਬਕ ਜੇਨਾ ਦਾ ਤਿੰਨ ਸਾਲ ਲਈ ਲਾਅ ਲਾਇਸੈਂਸ ਮੁਅੱਤਲ ਕਰ ਦਿੱਤਾ ਗਿਆ। ਉਸ ਦਾ ਲਾਇਸੈਂਸ ਮੁਅੱਤਲ ਅਮਰੀਕਾ ਦੇ ਜਾਰਜੀਆ ਸੂਬੇ ਵਿੱਚ 2020 ਦੇ ਰਾਸ਼ਟਰਪਤੀ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਰਣਨੀਤੀ ਵਿੱਚ ਉਸ ਦੀ ਕਥਿੱਤ ਭੂਮਿਕਾ ਵਿੱਚ ਫੂਲਟਨ ਕਾਉਂਟੀ ਦੇ ਦੋਸ਼ਾਂ ਤੋਂ ਪੈਦਾ ਹੋਇਆ ਸੀ। ਕੋਲੋਰਾਡੋ ਸੁਪਰੀਮ ਕੋਰਟ ਦੇ ਦਸਤਾਵੇਜ਼ਾਂ ਅਨੁਸਾਰ, "ਸੰਯੁਕਤ ਰਾਜ ਦੇ ਤਤਕਾਲੀ ਰਾਸ਼ਟਰਪਤੀ ਦੇ ਸੀਨੀਅਰ ਕਾਨੂੰਨੀ ਸਲਾਹਕਾਰ ਦੇ ਤੌਰ 'ਤੇ ਅਤੇ ਉਸ ਦੀ ਮੁੜ ਚੋਣ ਮੁਹਿੰਮ ਲਈ ਸਲਾਹਕਾਰ ਵਜੋਂ ਸੇਵਾ ਕਰਦੀ ਹੋਈ, ਐਲਿਸ ਨੇ "ਰਾਸ਼ਟਰੀ ਟੈਲੀਵਿਜ਼ਨ ਅਤੇ ਟਵਿੱਟਰ 'ਤੇ ਵਾਰ-ਵਾਰ ਗਲਤ ਬਿਆਨਬਾਜ਼ੀ ਕੀਤੀ ਸੀ। ਜਿਸ ਨਾਲ ਅਮਰੀਕੀ ਜਨਤਾ ਦੇ ਵਿਸ਼ਵਾਸ ਨੂੰ ਕਮਜ਼ੋਰ ਕੀਤਾ ਗਿਆ। ਸੰਨ 2020 ਦੀਆਂ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਦੱਸਣਯੋਗ ਐਲਿਸ, ਲੌਂਗਮੌਂਟ, ਕੋਲੋ. ਅਕਤੂਬਰ ਵਿੱਚ ਜਾਰਜੀਆ ਵਿੱਚ 2020 ਦੀਆਂ ਚੋਣਾਂ ਦੇ ਨਤੀਜਿਆਂ ਨੂੰ ਉਲਟਾਉਣ ਲਈ ਸਾਬਕਾ ਰਾਸ਼ਟਰਪਤੀ ਦੀ ਕਥਿਤ ਸਾਜ਼ਿਸ਼ ਵਿੱਚ ਝੂਠੇ ਬਿਆਨਾਂ ਦੀ ਸਹਾਇਤਾ ਅਤੇ ਉਕਸਾਉਣ ਦੀ ਗਿਣਤੀ ਲਈ ਉਸ ਨੂੰ ਦੋਸ਼ੀ ਮੰਨਿਆ ਗਿਆ ਸੀ। ਅਦਾਲਤ ਨੇ ਉਸ 'ਤੇ ਪੰਜ ਸਾਲਾਂ ਦੀ ਪ੍ਰੋਬੇਸ਼ਨ ਲਈ ਸਹਿਮਤੀ ਦਿੱਤੀ, 30 ਦਿਨਾਂ ਦੇ ਅੰਦਰ 5,000 ਡਾਲਰ ਦਾ ਮੁਆਵਜ਼ਾ, 100 ਘੰਟੇ ਦੀ ਕਮਿਊਨਿਟੀ ਸੇਵਾ ਦਾ ਭੁਗਤਾਨ ਕਰਨ ਦੇ ਬਾਰੇ ਹੁਕਮ ਜਾਰੀ ਕੀਤਾ। ਐਲਿਸ ਦੇ ਇਲਾਵਾ ਨਿਊਯਾਰਕ ਦੇ ਸਾਬਕਾ ਮੇਅਰ ਰੂਡੀ ਗਿਉਲਿਆਨੀ ਸਮੇਤ ਟਰੰਪ ਦੇ ਹੋਰ ਸਾਬਕਾ ਅਟਾਰਨੀ ਵੀ ਸ਼ਾਮਲ ਹੋਏ, ਜਿਨ੍ਹਾਂ ਨੂੰ ਹੁਣ ਤੱਕ ਮੁਅੱਤਲ ਜਾਂ ਬਰਖਾਸਤ ਕੀਤਾ ਗਿਆ। ਚੋਣ ਨਤੀਜਿਆਂ ਲਈ ਟਰੰਪ ਮੁਹਿੰਮ ਦੀਆਂ ਚੁਣੌਤੀਆਂ ਵਿੱਚ ਮੇਰੀ ਸ਼ਮੂਲੀਅਤ ਦੇ ਬਾਅਦ ਤੋਂ ਉਸ ਨੇ ਲਿਖਿਆ, "ਮੈਂ ਇਸ ਵਿੱਚ ਸ਼ਾਮਲ ਕੁਝ ਅਦਾਕਾਰਾਂ ਦੇ ਮਾੜੇ ਵਿਸ਼ਵਾਸ ਨਾਲ ਨਜਿੱਠਣ ਅਤੇ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੋਣ ਬਾਰੇ ਸਿੱਖਿਆ ਹੈ।

# ਕੈਨੇਡਾ 'ਚ ਰੋਸ ਮੁਜ਼ਾਹਰਾਕਾਰੀ ਭਾਰਤੀ ਵਿਦਿਆਰਥੀਆਂ ਦੀ ਭੁੱਖ ਹੜਤਾਲ ਸ਼ੁਰੂ




ਕੈਨੇਡੀਅਨ ਸੂਬੇ ਪ੍ਰਿੰਸ ਐਡਵਰਡ ਆਈਲੈਂਡ 'ਚ ਉਚੇਰੀ ਸਿਖਿਆ ਹਾਸਲ ਕਰ ਰਹੇ ਭਾਰਤੀ ਵਿਦਿਆਰਥੀਆਂ ਨੇ ਹੁਣ ਮੁਕੰਮਲ ਭੁੱਖ ਹੜਤਾਲ ਕਰ ਦਿੱਤੀ ਹੈ। ਦਰਅਸਲ ਇਨ੍ਹਾਂ ਵਿਦਿਆਰਥੀਆਂ ਦੇ ਸਿਰ 'ਤੇ ਕੈਨੇਡਾ ਤੋਂ ਡੀਪੋਰਟ ਕਰ ਕੇ ਭਾਰਤ ਵਾਪਸ ਭੇਜੇ ਜਾਣ ਦੀ ਤਲਵਾਰ ਲਟਕ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਇਹ ਵਿਦਿਆਰਥੀ ਰੋਸ ਮੁਜ਼ਾਹਰੇ ਕਰਦੇ ਆ ਰਹੇ ਸਨ। ਪ੍ਰਿੰਸ ਐਡਵਰਡ ਆਈਲੈਂਡ ਵਿੱਚ ਭਾਰਤੀ ਵਿਦਿਆਰਥੀਆਂ ਦੀ ਭੁੱਖ ਹੜਤਾਲ 28 ਮਈ ਨੂੰ ਪੰਜਵੇਂ ਦਿਨ ਵਿੱਚ ਦਾਖ਼ਲ ਹੋ ਗਈ ਅਤੇ ਪ੍ਰਦਰਸ਼ਨਕਾਰੀ ਹੁਣ ਚੌਵੀ ਘੰਟਿਆਂ ਲਈ ਮੁਕੰਮਲ ਭੁੱਖ ਹੜਤਾਲ 'ਤੇ ਚਲੇ ਗਏ ਹਨ। ਕੈਨੇਡਾ ਦੇ ਸਰਕਾਰੀ ਚੈਨਲ ਸੀ.ਬੀ.ਸੀ ਦੀ ਰਿਪੋਰਟ ਅਨੁਸਾਰ ਹੁਣ ਰੋਸ ਮੁਜ਼ਾਹਰਾਕਾਰੀ ਵਿਦਿਆਰਥੀ ਪਾਣੀ ਤੱਕ ਵੀ ਨਹੀਂ ਪੀ ਰਹੇ, ਜਿਸ ਕਾਰਣ ਉਨ੍ਹਾਂ ਦੀਆਂ ਜਾਨਾਂ ਨੂੰ ਵੀ ਖ਼ਤਰਾ ਹੈ। ਪ੍ਰਿੰਸ ਐਡਵਰਡ ਆਈਲੈਂਡ ਦੀ ਸਰਕਾਰ ਵਲੋਂ ਮੌਜੂਦਾ ਵਰ੍ਹੇ 2024 ਲਈ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ) ਲਈ ਵਰਕਰਾਂ ਦੀ ਗਿਣਤੀ 2,100 ਤੋਂ ਘਟਾ ਕੇ 1,600 ਕਰ ਦਿ4ਤੀ ਗਈ ਹੈ। ਇੰਞ ਕਾਮਿਆਂ ਦੀ ਗਿਣਤੀ 'ਚ 25 ਫ਼ੀਸਦੀ ਕਮੀ ਆ ਜਾਵੇਗੀ। ਇਕ ਪ੍ਰਦਰਸ਼ਨਕਾਰੀ ਵਿਦਿਆਰਥੀ ਜਸਪ੍ਰੀਤ ਸਿੰਘ ਸਿਵੀਆ ਨੇ ਦੋਸ਼ ਲਾਇਆ ਕਿ ਸਰਕਾਰ ਉਨ੍ਹਾਂ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਰਹੀ ਹੈ, ਜਿਹੜੇ ਪਹਿਲਾਂ ਤੋਂ ਹੀ ਕੈਨੇਡਾ ਦੀ ਪੀ.ਆਰ ਹਾਸਲ ਕਰਨ ਦੀ ਪ੍ਰਕਿਰਿਆ 'ਚ ਸਨ। ਉਨ੍ਹਾਂ ਕਿਹਾ ਕਿ ਜੇ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ ਤਾਂ ਭੁੱਖ ਹੜਤਾਲ ਰੋਜ਼ਾਨਾ ਕਰ ਦਿੱਤੀ ਜਾਵੇਗੀ। ਇਸ ਕੈਨੇਡੀਅਨ ਸੂਬੇ ਦੇ ਇਮੀਗ੍ਰੇਸ਼ਨ ਨਿਯਮ ਬਦਲ ਜਾਣ ਕਾਰਣ 50 ਵਿਦਿਆਰਥੀਆਂ ਨੂੰ ਕੈਨੇਡਾ ਤੋਂ ਭਾਰਤ ਪਰਤਣਾ ਪਿਆ ਹੈ।

# ਕੁਈਨਜ਼ਲੈਂਡ 'ਚ ਟਰੱਕ ਤੇ ਕਾਰ ਦੀ ਟੱਕਰ, ਤਿੰਨ ਲੋਕਾਂ ਦੀ ਦਰਦਨਾਕ ਮੌਤ




ਆਸਟ੍ਰੇਲੀਆਈ ਸੂਬੇ ਕੁਈਨਜ਼ਲੈਂਡ ਦੇ ਦੱਖਣ-ਪੂਰਬ ਵਿੱਚ ਤੜਕਸਾਰ ਸੜਕ ਹਾਦਸਾ ਵਾਪਰਿਆ। ਜਾਣਕਾਰੀ ਮੁਤਾਬਕ ਇੱਕ ਕਾਰ ਅਤੇ ਟਰੱਕ ਦੀ ਟੱਕਰ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਹਾਦਸਾ ਸਵੇਰੇ 5:45 ਵਜੇ ਬ੍ਰਿਸਬੇਨ ਦੇ ਉੱਤਰ-ਪੱਛਮ 'ਚ ਨਨਾਨਗੋ ਨੇੜੇ ਡੀ'ਐਗੁਇਲਰ ਹਾਈਵੇਅ 'ਤੇ ਵਾਪਰਿਆ। ਪੁਲਸ ਨੇ ਦੱਸਿਆ ਕਿ ਹਾਦਸੇ ਵਿੱਚ ਕਾਰ ਵਿੱਚ ਸਵਾਰ ਤਿੰਨ ਸਵਾਰੀਆਂ- ਇੱਕ 81 ਸਾਲਾ ਔਰਤ, ਇੱਕ 84 ਸਾਲਾ ਵਿਅਕਤੀ ਅਤੇ ਇੱਕ 54 ਸਾਲਾ ਵਿਅਕਤੀ ਦੀ ਮੌਤ ਹੋ ਗਈ। ਟਰੱਕ ਦੇ ਡਰਾਈਵਰ (52) ਨੂੰ ਮਾਮੂਲੀ ਸੱਟਾਂ ਲੱਗਣ ਤੋਂ ਬਾਅਦ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਸ ਨੇ ਕਿਹਾ ਕਿ ਹਾਈਵੇਅ ਅੱਜ ਦੋਵੇਂ ਦਿਸ਼ਾਵਾਂ ਵਿੱਚ ਬੰਦ ਰਹੇਗਾ ਅਤੇ ਰਸਤਾ ਡਾਇਵਰਟ ਕੀਤਾ ਗਿਆ ਹੈ। ਫਿਲਹਾਲ ਡਰਾਈਵਰਾਂ ਨੂੰ ਖੇਤਰ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ। ਕੋਈ ਵੀ ਗਵਾਹ ਜਾਂ ਡੈਸ਼ਕੈਮ ਫੁਟੇਜ ਜਾਂ ਸੀ.ਸੀ.ਟੀ.ਵੀ ਵਾਲੇ ਵਿਅਕਤੀ ਨੂੰ ਪੁਲਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਗਈ ਹੈ।

# ਗਾਇਕ ਰਣਜੀਤ ਬਾਵਾ ਨੇ ਆਖਿਰ ਕਿਉਂ ਲਿਖਿਆ - 'ਗਰਮੀ ਬਹੁਤ ਆ ਪਹਿਲਾਂ ਹੀ ਹੋਰ ਅੱਗ ਨਾ ਲਾਓ...'

ਪੰਜਾਬੀ ਗਾਇਕ ਤੇ ਅਦਾਕਾਰ ਰਣਜੀਤ ਬਾਵਾ ਨੇ ਹਾਲ ਹੀ 'ਚ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ ਦੀ ਸਟੋਰੀ 'ਚ ਇੱਕ ਪੋਸਟ ਸ਼ੇਅਰ ਕੀਤੀਆਂ ਹਨ, ਜਿਸ ਦੀ ਹਰ ਪਾਸੇ ਚਰਚੇ ਹੋ ਰਹੇ ਹਨ। ਇਨ੍ਹਾਂ ਪੋਸਟਾਂ ਨੂੰ ਸਾਂਝਾ ਕਰਦਿਆਂ ਉਨ੍ਹਾਂ ਨੇ ਲਿਖਿਆ, ਇੰਟਰਵਿਊਆਂ 'ਚ ਰੋਈ ਜਾਂਦੇ ਨੇ...ਸਿੰਪਥੀ ਦੀ ਮਾਲਾ ਪਰੋਈ ਜਾਂਦੇ ਨੇ...। ਖ਼ਬਰਾਂ ਸਾਹਮਣੇ ਆ ਰਹੀਆਂ ਹਨ ਕਿ ਰਣਜੀਤ ਬਾਵਾ ਵੱਲੋਂ ਪੰਜਾਬੀ ਕਲਾਕਾਰਾਂ ਨੂੰ ਟਾਰਗੇਟ ਕੀਤਾ ਗਿਆ ਹੈ। ਹਾਲਾਂਕਿ ਹੁਣ ਕਲਾਕਾਰ ਵੱਲੋਂ ਇਸ ਪੋਸਟ 'ਤੇ ਨਫਰਤ ਫੈਲਾਉਣ ਵਾਲਿਆਂ ਨੂੰ ਕਰਾਰਾ ਜਵਾਬ ਦਿੱਤਾ ਗਿਆ ਹੈ। ਰਣਜੀਤ ਬਾਵਾ ਨੇ ਇੱਕ ਹੋਰ ਪੋਸਟ ਸ਼ੇਅਰ ਕਰਦਿਆਂ ਲਿਖਿਆ ਹੈ, ''ਗਰਮੀ ਬਹੁਤ ਆ, ਪਹਿਲਾਂ ਹੀ ਹੋਰ ਅੱਗ ਨਾ ਲਾਓ... ਪਿਛਲੇ ਸਾਲ ਗਾਣਾ ਬਣਾਇਆ ਸੀ, ਉਹਦੀਆਂ ਲਾਈਨਸ ਆ...ਕਿਸੇ ਨੂੰ ਟਾਰਗੇਟ ਨਹੀਂ ਕੀਤਾ ਗਿਆ। ਸਭ ਆਪਣੀ-ਆਪਣੀ ਮਿਹਨਤ ਕਰ ਰਹੇ। ਚਿੱਲ ਕਰ... ਲਵ ਪੀਸ।''




**ਕਈ ਔਕੜਾਂ, ਤਕਲੀਫ਼ਾਂ ਦਾ ਸਾਹਮਣੇ ਕਰਕੇ ਪਈ ਪ੍ਰਸਿੱਧੀ**

ਦੱਸ ਦਈਏ ਕਿ 15 ਸਾਲ ਤੱਕ ਲੰਬਾ ਸੰਘਰਸ਼, ਕਈ ਔਕੜਾਂ, ਤਕਲੀਫਾਂ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਰਣਜੀਤ ਬਾਵਾ ਨੇ ਹਿੰਮਤ ਨਾ ਹਾਰੀ ਅਤੇ ਜ਼ਿੰਦਗੀ 'ਚ ਕੁਝ ਕਰਨ ਦੇ ਜਜ਼ਬੇ ਨਾਲ ਉਨ੍ਹਾਂ ਨੇ ਹਰ ਔਕੜ ਨੂੰ ਬਹੁਤ ਹੀ ਆਸਾਨੀ ਨਾਲ ਪਾਰ ਕੀਤਾ। ਉਨ੍ਹਾਂ ਦੇ ਸੰਘਰਸ਼ ਦਾ ਸਫ਼ਰ ਸਾਲ 1999 'ਚ ਸ਼ੁਰੂ ਹੋਇਆ ਸੀ ਅਤੇ ਇਸ ਸੰਘਰਸ਼ 'ਚ ਉਨ੍ਹਾਂ ਦਾ ਸਾਥ ਮਾਸਟਰ ਮੰਗਲ ਸਿੰਘ ਨੇ ਦਿੱਤਾ ਸੀ। ਰਣਜੀਤ ਸਿੰਘ ਬਾਜਵਾ ਨੂੰ ਰਣਜੀਤ ਬਾਵਾ ਬਣਾਉਣ 'ਚ ਉਨ੍ਹਾਂ ਦਾ ਵੱਡਾ ਕਿਰਦਾਰ ਰਿਹਾ ਹੈ।ਰਣਜੀਤ ਬਾਜਵਾ ਤੋਂ ਇੰਝ ਬਣੇ ਰਣਜੀਤ **ਬਾਵਾ**

ਮਾਸਟਰ ਮੰਗਲ ਸਿੰਘ ਰਣਜੀਤ ਬਾਵਾ ਦੇ ਪ੍ਰਿੰਸੀਪਲ ਰਹੇ ਹਨ। ਪੜਾਈ ਦੌਰਾਨ ਹੀ ਰਣਜੀਤ ਬਾਵਾ ਨੂੰ ਗਾਉਣ ਦਾ ਸ਼ੌਂਕ ਸੀ ਅਤੇ ਰਣਜੀਤ ਬਾਵਾ ਵਿਚਲੇ ਕਲਾਕਾਰ ਨੂੰ ਪਛਾਣਨ ਵਾਲੇ ਮਾਸਟਰ ਮੰਗਲ ਸਿੰਘ ਹੀ ਸਨ। ਇਸ ਦਾ ਖੁਲਾਸਾ ਰਣਜੀਤ ਬਾਵਾ ਨੇ ਇਕ ਇੰਟਰਵਿਊ ਦੌਰਾਨ ਕੀਤਾ। ਰਣਜੀਤ ਬਾਵਾ ਨੇ ਆਪਣੇ ਸੰਘਰਸ਼ ਦੇ ਦਿਨਾਂ ਨੂੰ ਯਾਦ ਕਰਦਿਆਂ ਦੱਸਿਆ ਕਿ 'ਮਾਸਟਰ ਮੰਗਲ ਸਿੰਘ ਮੈਨੂੰ ਸਕੂਲ 'ਚ ਬਿਠਾ ਕੇ 4-4 ਘੰਟੇ ਰਿਆਜ਼ ਕਰਵਾਉਂਦੇ ਸਨ ਅਤੇ ਉਨ੍ਹਾਂ ਵਿਚਲੀਆਂ ਕਮੀਆਂ ਨੂੰ ਦੱਸਦੇ ਸਨ।' ਹਾਲਾਂਕਿ ਮਾਸਟਰ ਮੰਗਲ ਸਿੰਘ ਦਾ ਗਾਇਕੀ ਨਾਲ ਦੂਰ-ਦੂਰ ਤੱਕ ਵਾਸਤਾ ਨਹੀਂ ਸੀ। ਗਾਇਕੀ 'ਚ ਜਦੋਂ ਥੋੜੀ ਨਿਪੁੰਨਤਾ ਬਾਵਾ ਨੇ ਹਾਸਲ ਕਰ ਲਈ ਸੀ ਪਰ ਬਾਵਾ ਦੇ ਇਸ ਹੁਨਰ ਦੀ ਕਦੇ ਵੀ ਉਨ੍ਹਾਂ ਦੇ ਉਸਤਾਦ ਨੇ ਤਾਰੀਫ ਨਹੀਂ ਕੀਤੀ ਸੀ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਉਹ ਆਪਣੀ ਤਾਰੀਫ ਸੁਣ ਕੇ ਮਿਹਨਤ ਕਰਨਾ ਛੱਡ ਦੇਣਗੇ।




ਰਣਜੀਤ ਬਾਵਾ ਹਮੇਸ਼ਾ ਹੈ ਇਸ ਗੱਲ ਦਾ ਅਫਸੋਸ

ਰਣਜੀਤ ਬਾਵਾ ਦਾ ਪਹਿਲਾ ਗੀਤ 'ਜੱਟ ਦੀ ਅਕਲ' 2013 'ਚ ਆਇਆ ਸੀ। ਇਸ ਗੀਤ ਤੋਂ ਪਹਿਲਾਂ ਹੀ ਸਾਲ 2012 'ਚ ਮਾਸਟਰ ਮੰਗਲ ਸਿੰਘ ਜੀ ਇਸ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਰਣਜੀਤ ਬਾਵਾ ਨੂੰ ਇਸ ਗੱਲ ਦਾ ਬਹੁਤ ਹੀ ਅਫਸੋਸ ਹੈ ਕਿ ਜਦੋਂ ਉਹ ਕਾਮਯਾਬ ਹੋ ਗਏ ਪਰ ਮਾਸਟਰ ਮੰਗਲ ਸਿੰਘ ਉਨ੍ਹਾਂ ਦੀ ਇਸ ਕਾਮਯਾਬੀ ਨੂੰ ਦੇਖਣ ਲਈ ਇਸ ਦੁਨੀਆ 'ਚ ਨਹੀਂ ਹਨ। ਅੱਜ ਰਣਜੀਤ ਬਾਵਾ ਦਾ ਨਾਂ ਕਾਮਯਾਬ ਗਾਇਕਾਂ ਦੀ ਲਿਸਟ 'ਚ ਆਉਂਦਾ ਹੈ। ਉਨ੍ਹਾਂ ਨੇ ਪੰਜਾਬੀ ਇੰਡਸਟਰੀ ਨੂੰ ਇਕ ਤੋਂ ਬਾਅਦ ਇਕ ਹਿੱਟ ਗੀਤ ਦਿੱਤੇ ਹਨ।

# ਕਿੰਗ ਖ਼ਾਨ ਦੀ ਇਸ ਘੜੀ ਦੀ ਕੀਮਤ ਸੁਣ ਉੱਡ ਜਾਣਗੇ ਤੁਹਾਡੇ ਹੋਸ਼





ਬੀਤੇ ਐਤਵਾਰ ਨੂੰ ਖੇਡੇ ਗਏ ਆਈ.ਪੀ.ਐਲ. ਫਾਈਨਲ 'ਚ ਕੇ.ਕੇ.ਆਰ. ਟੀਮ ਨੇ ਸਨਰਾਈਜ਼ਰਸ ਹੈਦਰਾਬਾਦ ਨੂੰ ਆਸਾਨੀ ਨਾਲ ਹਰਾ ਦਿੱਤਾ। ਹਰ ਕੋਈ ਜਾਣਦਾ ਹੈ ਕਿ ਕੇ.ਕੇ.ਆਰ. ਦੀ ਟੀਮ ਦੇ ਮਾਲਕ ਕਿੰਗ ਖਾਨ ਸ਼ਾਹਰੁਖ ਖਾਨ ਹਨ। ਫਾਈਨਲ ਮੈਚ 'ਚ ਸ਼ਾਹਰੁਖ ਖਾਨ ਦੇ ਨਾਲ ਉਨ੍ਹਾਂ ਦਾ ਪੂਰਾ ਪਰਿਵਾਰ ਸਟੇਡੀਅਮ 'ਚ ਮੌਜੂਦ ਸੀ ਅਤੇ ਜਿਵੇਂ ਹੀ ਕਿੰਗ ਖਾਨ ਦੀ ਟੀਮ ਨੇ ਮੈਚ ਜਿੱਤਿਆ ਤਾਂ ਉਹ ਪੂਰੇ ਉਤਸ਼ਾਹ ਨਾਲ ਮੈਦਾਨ 'ਤੇ ਆਏ ਅਤੇ ਹੱਥ ਜੋੜ ਕੇ ਲੋਕਾਂ ਦਾ ਧੰਨਵਾਦ ਕੀਤਾ। ਇਸ ਵਾਰ ਜਦੋਂ ਕਿੰਗ ਖਾਨ ਮੈਦਾਨ ਉੱਤੇ ਆਏ ਤਾਂ ਸਭ ਦਾ ਧਿਆਨ ਉਨ੍ਹਾਂ ਦੇ ਹੱਥ 'ਚ ਪਾਈ ਘੜੀ 'ਤੇ ਸੀ। ਦੱਸ ਦਈਏ ਕਿ ਸ਼ਾਹਰੁਖ ਖਾਨ ਨੇ ਲਗਜ਼ਰੀ ਬ੍ਰਾਂਡ ਰਿਚਰਡ ਮਿਲ ਦੀ ਲਿਮਟਿਡ ਐਡੀਸ਼ਨ ਘੜੀ ਪਹਿਨੀ ਸੀ। ਰਿਚਰਡ ਮਿਲ ਬ੍ਰਾਂਡ ਦੀਆਂ ਘੜੀਆਂ ਅਕਸਰ ਵੱਡੀਆਂ ਹਸਤੀਆਂ ਦੇ ਹੱਥਾਂ 'ਚ ਦੇਖੀਆਂ ਗਈਆਂ ਹਨ। ਸ਼ਾਹਰੁਖ ਖਾਨ ਦੀ ਘੜੀ ਦੀ ਕੀਮਤ 4-7 ਕਰੋੜ ਰੁਪਏ ਦੇ ਵਿਚਕਾਰ ਹੈ।ਇਸ ਘੜੀ ਨੂੰ ਕੋਈ ਆਮ ਵਿਅਕਤੀ ਨਹੀਂ ਖਰੀਦ ਸਕਦਾ।

ਦੱਸਣਯੋਗ ਹੈ ਕਿ ਕੁਝ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਇਸ ਮਾਡਲ ਦਾ ਨਾਂ RM 11-03 ਹੈ ਅਤੇ ਦੁਨੀਆਂ ਭਰ 'ਚ ਇਸ ਦੇ 500 ਐਡੀਸ਼ਨ ਹਨ। ਇਹ ਮਾਡਲ ਟਾਈਟੇਨੀਅਮ, ਤਾਂਬੇ ਅਤੇ ਸੋਨੇ ਦੀ ਵਰਤੋਂ ਕਰਕੇ ਬਣਾਇਆ ਗਿਆ ਹੈ ਅਤੇ ਪਤਾ ਲੱਗਾ ਹੈ ਕਿ ਇਸ ਦਾ ਭਾਰ ਬਹੁਤ ਹਲਕਾ ਹੈ।ਕਿੰਗ ਖਾਨ ਦੇ ਹੱਥ ਦੀ ਇਸ ਘੜੀ ਨੂੰ ਦੇਖਣ ਤੋਂ ਬਾਅਦ ਲੋਕਾਂ ਨੇ ਇਸ ਦੀ ਕਾਫੀ ਤਾਰੀਫ਼ ਕੀਤੀ ਅਤੇ ਇਸ ਦੀ ਫੋਟੋ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

# ਸਾਊਥ ਸੁਪਰਸਟਾਰ ਨੇ ਸਟੇਜ 'ਤੇ ਅਦਾਕਾਰਾ ਨੂੰ ਮਾਰਿਆ ਧੱਕਾ, ਵੇਖ ਹੈਰਾਨ ਰਹਿ ਗਏ ਲੋਕ





ਤੇਲਗੂ ਸੁਪਰਸਟਾਰ ਨੰਦਾਮੁਰੀ ਬਾਲਕ੍ਰਿਸ਼ਨ ਦਾ ਹਾਲ ਹੀ 'ਚ ਇਕ ਹੋਰ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਿਹਾ ਹੈ, ਜਿਸ 'ਚ ਉਹ ਅਦਾਕਾਰਾ ਅੰਜਿਲ ਨੂੰ ਸਟੇਜ 'ਤੇ ਧੱਕਾ ਦਿੰਦੇ ਨਜ਼ਰ ਆ ਰਹੇ ਹਨ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਉਸ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਟਰੋਲ ਕੀਤਾ ਜਾ ਰਿਹਾ ਹੈ। ਦੱਸ ਦਈਏ ਕਿ ਵਾਇਰਲ ਹੋ ਰਹੇ ਇਸ ਵੀਡੀਓ 'ਚ ਨੰਦਾਮੁਰੀ ਬਾਲਕ੍ਰਿਸ਼ਨ ਫ਼ਿਲਮ 'ਗੈਂਗਸ ਆਫ ਗੋਦਾਵਰੀ' ਦੇ ਪ੍ਰੋਗਰਾਮ ਦੌਰਾਨ ਸਟੇਜ 'ਤੇ ਸੈਰ ਕਰਦੇ ਨਜ਼ਰ ਆ ਰਹੇ ਹਨ। ਇਸ ਦੌਰਾਨ ਸਟੇਜ 'ਤੇ ਪਹਿਲਾਂ ਤੋਂ ਹੀ ਕਈ ਲੋਕ ਮੌਜੂਦ ਸਨ। ਅਭਿਨੇਤਰੀ ਅੰਜਲੀ ਵੀ ਉਥੇ ਹੀ ਮੌਜੂਦ ਸੀ। ਇਸ ਦੌਰਾਨ ਨੰਦਾਮੁਰੀ ਨੇ ਅੰਜਲੀ ਨੂੰ ਸਟੇਜ 'ਤੇ ਕੁਝ ਜਗ੍ਹਾ ਬਣਾਉਣ ਲਈ ਕਹਿੰਦੇ ਹਨ। ਅੰਜਲੀ ਸਟੇਜ ਤੇ ਨੇਹਾ ਸ਼ੈੱਟੀ ਨਾਲ ਖੜ੍ਹ ਕੇ ਜਗ੍ਹਾ ਬਣਾ ਰਹੀ ਹੁੰਦੀ ਹੈ। ਦਰਅਸਲ, ਉਹ ਸਾੜ੍ਹੀ ਪਹਿਨਣ ਕਾਰਨ ਥੋੜ੍ਹਾ ਹੌਲੀ ਚੱਲ ਰਹੀ ਸੀ। ਫਿਰ ਨੰਦਾਮੁਰੀ ਬਾਲਕ੍ਰਿਸ਼ਨ ਨੇ ਉਸ ਨੂੰ ਧੱਕਾ ਦੇ ਦਿੱਤਾ। ਦੱਸਣਯੋਗ ਹੈ ਕਿ ਨੰਦਾਮੁਰੀ ਦੇ ਇਸ ਤਰ੍ਹਾਂ ਅਚਾਨਕ ਧੱਕਾ ਦੇਣ ਕਾਰਨ ਉਸ ਦਾ ਸਾਰਾ ਸੰਤੁਲਨ ਵਿਗੜ ਜਾਂਦਾ ਹੈ। ਪਹਿਲਾਂ ਤਾਂ ਉਹ ਨੰਦਾਮੁਰੀ ਦੀ ਹਰਕਤ ਤੋਂ ਹੈਰਾਨ ਰਹਿ ਜਾਂਦੀ ਹੈ ਪਰ ਬਾਅਦ 'ਚ ਉਹ ਉੱਚੀ-ਉੱਚੀ ਹੱਸਣ ਲੱਗਦੀ ਹੈ। ਬਾਅਦ 'ਚ ਉਸ ਨੇ ਨੇਹਾ ਸ਼ੈੱਟੀ ਦਾ ਹੱਥ ਫੜ ਲਿਆ। ਉਸ ਸਮੇਂ ਵੀ ਜਦੋਂ ਨੰਦਾਮੁਰੀ ਦੋਹਾਂ ਨੂੰ ਕੁਝ ਕਹਿ ਰਹੇ ਸਨ ਤਾਂ ਅੰਜਲੀ ਉੱਚੀ-ਉੱਚੀ ਹੱਸ ਰਹੀ ਸੀ।

# ਸੰਨੀ ਦਿਓਲ ਦੀਆਂ ਵਧੀਆਂ ਮੁਸ਼ਕਲਾਂ, ਫ਼ਿਲਮਮੇਕਰ ਨੇ ਲਗਾਇਆ ਧੋਖਾਧੜੀ ਦਾ ਦੋਸ਼

ਫ਼ਿਲਮ 'ਗਦਰ' ਤੋਂ ਬਾਅਦ 'ਗਦਰ 2' 'ਚ ਧਮਾਲ ਮਚਾਉਣ ਤੋਂ ਬਾਅਦ ਸੰਨੀ ਦਿਓਲ ਹੁਣ ਕਈ ਪ੍ਰੋਜੈਕਟਸ 'ਤੇ ਕੰਮ ਕਰ ਰਹੇ ਹਨ। ਹਾਲਾਂਕਿ, ਹੁਣ ਉਹ ਮੁਸ਼ਕਲਾਂ 'ਚ ਫਸੇ ਨਜ਼ਰ ਆ ਰਹੇ ਹਨ। ਹਾਲ ਹੀ 'ਚ ਨਿਰਮਾਤਾ ਸੌਰਵ ਗੁਪਤਾ ਨੇ ਅਦਾਕਾਰ 'ਤੇ ਧੋਖਾਧੜੀ, ਝੂਠ ਬੋਲਣ ਅਤੇ ਜ਼ਬਰਦਸਤੀ ਪੈਸੇ ਵਸੂਲਣ ਦਾ ਦੋਸ਼ ਲੱਗਾ ਹੈ। ਸੌਰਵ ਗੁਪਤ ਦਾ ਕਹਿਣਾ ਹੈ ਕਿ ਸੰਨੀ ਦਿਓਲ ਨੇ ਉਸ ਤੋਂ ਸਾਲ 2016 'ਚ ਐਡਵਾਂਸ ਪੇਮੈਂਟ ਲਈ ਸੀ ਅਤੇ ਫ਼ਿਲਮ ਕਰਨ ਦਾ ਵਾਅਦਾ ਕਰਕੇ ਹੋਰ ਪੈਸੇ ਲੈ ਲਏ, ਪਰ 'ਗਦਰ 2' ਹਿੱਟ ਹੋਣ ਤੋਂ ਬਾਅਦ ਅਦਾਕਾਰ ਨੇ ਫ਼ਿਲਮ ਕਰਨਾ ਬੰਦ ਕਰ ਦਿੱਤਾ। ਉਸ ਨੇ ਦੱਸਿਆ ਕਿ ਅਦਾਕਾਰ ਨੇ ਸਾਲ 2016 'ਚ ਇਹ ਫ਼ਿਲਮ ਸਾਈਨ ਕੀਤੀ ਸੀ, ਜਿਸ 'ਚ ਉਸ ਦੀ ਫੀਸ 4 ਕਰੋੜ ਰੁਪਏ ਸੀ। 'ਅਸੀਂ ਉਸ ਨੂੰ 1 ਕਰੋੜ ਰੁਪਏ ਐਡਵਾਂਸ ਦਿੱਤੇ ਸਨ ਪਰ ਉਸ ਨੇ ਫ਼ਿਲਮ ਸ਼ੁਰੂ ਕਰਨ ਦੀ ਜਗ੍ਹਾ ਪੋਸਟਰ ਬੁਆਏਜ਼ (2017) ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ। 'ਉਹ ਮੇਰੇ ਤੋਂ ਲਗਾਤਾਰ ਪੈਸੇ ਮੰਗਦੇ ਰਹੇ ਅਤੇ ਹੁਣ ਮੇਰੇ ਸੰਨੀ ਜੀ ਦੇ ਖਾਤੇ 'ਚ 2.55 ਕਰੋੜ ਰੁਪਏ ਹਨ।




ਸੰਨੀ ਦਿਓਲ 'ਤੇ ਦੋਸ਼ ਲਗਾਉਂਦੇ ਹੋਏ ਸੌਰਵ ਗੁਪਤਾ ਨੇ ਕਿਹਾ ਕਿ ਸੰਨੀ ਦਿਓਲ ਨੇ ਉਸ ਦੀ ਕੰਪਨੀ ਨਾਲ ਸਾਲ 2023 'ਚ ਫਰਜ਼ੀ ਸਮਝੌਤਾ ਕੀਤਾ ਸੀ। ਜਦੋਂ ਅਸੀਂ ਸਮਝੌਤਾ ਪੜ੍ਹਿਆ, ਤਾਂ ਅਸੀਂ ਦੇਖਿਆ ਕਿ ਉਸ ਨੇ ਵਿਚਕਾਰਲਾ ਪੰਨਾ ਹੀ ਬਦਲ ਦਿੱਤਾ, ਜਿੱਥੇ ਫੀਸ ਦੀ ਰਕਮ 4 ਕਰੋੜ ਰੁਪਏ ਤੋਂ ਵਧਾ ਕੇ 8 ਕਰੋੜ ਰੁਪਏ ਅਤੇ ਮੁਨਾਫਾ 2 ਕਰੋੜ ਰੁਪਏ ਕਰ ਦਿੱਤਾ ਗਿਆ ਸੀ।

# ਕੀ ਸਿੱਧੂ ਮੂਸੇਵਾਲਾ ਨੇ ਆਖਰੀ ਗੀਤ 'The Last Ride' ਤੇ ਗੀਤ '295' ਰਾਹੀਂ ਕੀਤੀ ਸੀ ਆਪਣੀ ਮੌਤ ਦੀ ਭਵਿੱਖਵਾਣੀ ?

ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਦਿਹਾਂਤ ਨੂੰ ਬੇਸ਼ਕ ਬੀਤੇ ਦਿਨੀਂ 2 ਸਾਲ ਹੋ ਗਏ ਹਨ ਪਰ ਸਿੱਧੂ ਨੂੰ ਚਾਹੁਣ ਵਾਲੇ ਅੱਜ ਵੀ ਉਨ੍ਹਾਂ ਨੂੰ ਯਾਦ ਕਰਕੇ ਭਾਵੁਕ ਹੋ ਰਹੇ ਹਨ। ਅੱਜ ਵੀ ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਸਿੱਧੂ ਮੂਸੇਵਾਲਾ ਜੋ ਲਿਖਦਾ ਤੇ ਗਾਉਂਦਾ ਸੀ ਉਹ ਸੱਚ ਹੋ ਜਾਂਦਾ ਸੀ। ਇਸੇ ਤਰ੍ਹਾਂ ਦੀ ਧਾਰਨਾ ਗਾਇਕ ਦੇ ਆਖਰੀ ਗੀਤਾਂ 'ਦਿ ਲਾਸਟ ਰਾਈਡ' ਅਤੇ '295' ਨੂੰ ਲੈ ਕੇ ਵੀ ਹੈ। ਦੱਸ ਦਈਏ ਕਿ ਸਿੱਧੂ ਮੂਸੇਵਾਲਾ ਨੇ ਆਪਣੀ ਕਰੀਅਰ 'ਚ ਜਿੰਨੇ ਵੀ ਗੀਤ ਗਾਏ ਹਨ, ਪਹਿਲੇ ਗੀਤ ਤੋਂ ਲੈ ਕੇ ਉਨ੍ਹਾਂ ਦੇ ਦਿਹਾਂਤ ਮਗਰੋਂ ਰਿਲੀਜ਼ ਹੋਣ ਵਾਲੇ ਸਾਰੇ ਗੀਤ ਸੁਪਰਹਿੱਟ ਹੋਏ ਹਨ। ਇੰਨਾਂ ਹੀ ਨਹੀਂ ਸਿੱਧੂ ਦੇ ਗੀਤ ਬਿਲਬੋਰਡ 'ਤੇ ਵੀ ਛਾਏ ਰਹਿੰਦੇ ਹਨ। ਸਿੱਧੂ ਮੂਸੇਵਾਲਾ ਨੇ ਆਪਣੀ ਮੌਤ ਤੋਂ ਪਹਿਲਾਂ 2 ਗੀਤ ਰਿਲੀਜ਼ ਕੀਤੇ ਸਨ। ਸਿੱਧੂ ਦੇ ਆਖਰੀ ਗੀਤ 'ਦਿ ਲਾਸਟ ਰਾਈਡ' ਤੇ '295' ਗੀਤ ਰਿਲੀਜ਼ ਕੀਤੇ ਸਨ। ਗਾਇਕ ਦੇ ਫੈਨਜ਼ ਨੂੰ ਇਹ ਗੀਤ ਹਮੇਸ਼ਾ ਯਾਦ ਰਹਿਣਗੇ। ਫੈਨਜ਼ ਨੂੰ ਲੱਗਦਾ ਹੈ ਕਿ ਇਹ ਗੀਤ ਸਿੱਧੂ ਮੂਸੇਵਾਲਾ ਦੀ ਮੌਤ ਨਾਲ ਸਬੰਧਿਤ ਹਨ। ਸਿੱਧੂ ਮੂਸੇਵਾਲਾ ਦੇ ਇਸ ਗੀਤ ਨਾਂ ਜਿਥੇ '295' ਹੈ, ਉਥੇ ਹੀ ਦੂਜੇ ਜੇਕਰ ਸਿੱਧੂ ਮੂਸੇਵਾਲਾ ਦੀ ਜ਼ਿੰਦਗੀ ਆਖਰੀ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਮੂਸੇਵਾਲਾ ਆਪਣੀ ਗੱਡੀ 'ਚ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਜਾ ਰਹੇ ਸਨ, ਜੋ ਕਿ ਉਨ੍ਹਾਂ ਦੀ ਲਾਸਟ ਰਾਈਡ ਸੀ। ਗੀਤ 295 ਦੀ ਗੱਲ ਕਰੀਏ ਤਾਂ 29 ਮਈ 2022, ਯਾਨਿ ਕਿ 29-5-2022 ਨੂੰ ਸਿੱਧੂ ਮੂਸੇਵਾਲਾ ਇਸ ਫਾਨੀ ਦੁਨੀਆ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ। ਇਸੇ ਲਈ ਅੱਜ ਵੀ ਫੈਨਜ਼ ਅਜਿਹਾ ਮੰਨਦੇ ਹਨ ਕਿ ਸਿੱਧੂ ਨੂੰ ਆਪਣੀ ਮੌਤ ਦੀ ਖ਼ੁਦ ਹੀ ਭਵਿੱਖਬਾਣੀ ਕੀਤੀ ਜਾਂ ਉਨ੍ਹਾਂ ਨੂੰ ਇਸ ਦਾ ਪਹਿਲਾਂ ਹੀ ਅਹਿਸਾਸ ਹੋ ਗਿਆ ਸੀ।



ਦੱਸ ਦਈਏ ਕਿ ਸ਼ੁੱਭਦੀਪ ਦਾ ਜਨਮ 11 ਜੂਨ, 1993 ਨੂੰ ਪੰਜਾਬ ਦੇ ਜ਼ਿਲ੍ਹੇ ਮਾਨਸਾ ਦੇ ਪਿੰਡ ਮੂਸਾ ’ਚ ਹੋਇਆ। ਉਹ ਇਕ ਸਿੱਖ ਪਰਿਵਾਰ ਨਾਲ ਸਬੰਧ ਰੱਖਦਾ ਸੀ। ਉਨ੍ਹਾਂ ਦਾ ਪਿਤਾ ਬਲਕੌਰ ਸਿੰਘ ਫ਼ੌਜ ਦੀ ਨੌਕਰੀ ਕਰਦਾ ਸੀ। ਉਨ੍ਹਾਂ ਦੀ ਮਾਤਾ ਦਾ ਨਾਂ ਚਰਨ ਕੌਰ ਹੈ, ਜੋ ਮੂਸਾ ਪਿੰਡ ਦੀ ਸਰਪੰਚ ਹੈ। ਸਿੱਧੂ ਨੇ ਸ਼ੁਰੂਆਤੀ ਸਿੱਖਿਆ ਮਾਨਸਾ ਦੇ ਸਕੂਲਾਂ ਤੋਂ ਹਾਸਲ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ’ਚ ਪੜ੍ਹਾਈ ਕੀਤੀ ਤੇ 2016 ’ਚ ਗ੍ਰੈਜੂਏਸ਼ਨ ਕੀਤੀ। ਸਿਧੂ ਟੂਪੈਕ ਸ਼ਕੂਰ ਤੋਂ ਪ੍ਰਭਾਵਿਤ ਸੀ। ਉਸ ਨੇ 6ਵੀਂ ਕਲਾਸ ’ਚ ਹੀ ਹਿਪ ਹੋਪ ਸੰਗੀਤ ਸੁਣਨਾ ਸ਼ੁਰੂ ਕੀਤਾ ਤੇ ਲੁਧਿਆਣਾ ’ਚ ਹਰਵਿੰਦਰ ਬਿੱਟੂ ਤੋਂ ਸੰਗੀਤ ਦੇ ਹੁਨਰ ਸਿੱਖੇ। ਇਸ ਤੋਂ ਬਾਅਦ ਸਿੱਧੂ ਉੱਚ ਸਿੱਖਿਆ ਲਈ ਸਿੱਧੂ ਕੈਨੇਡਾ ਚਲਾ ਗਿਆ ਤੇ ਆਪਣਾ ਪਹਿਲਾ ਗਾਣਾ ‘ਜੀ ਵੈਗਨ’ ਜਾਰੀ ਕੀਤਾ। ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸਿੱਧੂ ਮੂਸੇਵਾਲਾ ਦੇ ਪਰਿਵਾਰ ਅਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਲਗਾਤਾਰ ਇਨਸਾਫ਼ ਦੀ ਗੁਹਾਰ ਲਗਾਈ ਜਾ ਰਹੀ ਹੈ। ਸਿੱਧੂ ਦੀ ਪਹਿਲੀ ਬਰਸੀ ਮੌਕੇ ਮਾਨਸਾ ਵਿਖੇ ਵਿਸ਼ਾਲ ਸਮਾਗਮ ਕਰਵਾਇਆ ਗਿਆ ਸੀ, ਜਿਸ ਵਿਚ ਲੋਕਾਂ ਦਾ ਬਹੁਤ ਵੱਡਾ ਇਕੱਠ ਹੋਇਆ ਸੀ। ਪਰ ਇਸ ਵਾਰ ਅਜਿਹਾ ਕੋਈ ਸਮਾਗਮ ਨਹੀਂ ਕਰਵਾਇਆ ਜਾਵੇਗਾ। ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਲੋਕ ਸਭਾ ਚੋਣਾਂ ਕਾਰਨ ਇਸ ਵਾਰ ਬਰਸੀ ਸਮਾਗਮ ਸਿਰਫ਼ ਪਰਿਵਾਰ ਤਕ ਹੀ ਸੀਮਤ ਰਹਿਣਗੇ ਤੇ ਵੱਡਾ ਇਕੱਠ ਨਹੀਂ ਕੀਤਾ ਜਾਵੇਗਾ।



# ਸ਼੍ਰੀ ਕ੍ਰਿਸ਼ਨ ਜੀ ਦੀ histroy



ਸ਼੍ਰੀ ਕ੍ਰਿਸ਼ਨ ਭਗਵਦ ਗੀਤਾ ਦੀ ਕੇਂਦਰੀ ਹਸਤੀ ਹੈ। ਸ਼੍ਰੀ ਕ੍ਰਿਸ਼ਨ ਨੂੰ ਹਿੰਦੂਆਂ ਦੁਆਰਾ ਵਿਆਪਕ ਤੌਰ 'ਤੇ ਅਵਤਾਰ ਮੰਨਿਆ ਜਾਂਦਾ ਹੈ - ਪ੍ਰਮਾਤਮਾ ਦਾ ਸਿੱਧਾ ਵੰਸ਼। ਕੁਰੂਕਸ਼ੇਤਰ ਦੀ ਲੜਾਈ ਦੇ ਦੌਰਾਨ, ਕ੍ਰਿਸ਼ਨ ਨੇ ਅਰਜੁਨ ਨੂੰ ਭਗਵਦ ਗੀਤਾ ਦਾ ਅਮਰ ਅਧਿਆਤਮਿਕ ਭਾਸ਼ਣ ਦਿੱਤਾ - ਕ੍ਰਿਸ਼ਨ ਨੇ ਬੁੱਧੀ, ਭਗਤੀ ਅਤੇ ਵਿਤਕਰੇ ਦਾ ਅਧਿਆਤਮਿਕ ਮਾਰਗ ਸਿਖਾਇਆ। ਸ਼੍ਰੀ ਕ੍ਰਿਸ਼ਨ ਨੇ ਵਰਿੰਦਾਵਨ ਵਿੱਚ ਰਾਧਾ ਅਤੇ ਗੋਪੀਆਂ ਦੇ ਨਾਲ ਆਪਣੇ ਸਮੇਂ ਦੁਆਰਾ ਭਗਤੀ ਭਗਤੀ ਯੋਗ ਨੂੰ ਵੀ ਪ੍ਰਚਲਿਤ ਕੀਤਾ। "ਜਦੋਂ ਵੀ, ਹੇ ਭਾਰਤ ਦੇ ਵੰਸ਼ਜ, ਧਾਰਮਿਕਤਾ ਘਟਦੀ ਹੈ ਅਤੇ ਅਧਰਮ ਦਾ ਬੋਲਬਾਲਾ ਹੁੰਦਾ ਹੈ, ਮੈਂ ਆਪਣੇ ਆਪ ਨੂੰ ਪ੍ਰਗਟ ਕਰਦਾ ਹਾਂ। ਧਰਮੀ ਦੀ ਰੱਖਿਆ ਅਤੇ ਦੁਸ਼ਟਾਂ ਦੇ ਨਾਸ਼ ਲਈ, ਅਤੇ ਧਰਮ ਦੀ ਸਥਾਪਨਾ ਲਈ, ਮੈਂ ਯੁਗ-ਯੁਗ ਹੋਂਦ ਵਿੱਚ ਆਉਂਦਾ ਹਾਂ।




ਸ਼੍ਰੀ ਕ੍ਰਿਸ਼ਨ ਦਾ ਛੋਟਾ ਜੀਵਨ ਸ਼੍ਰੀ ਕ੍ਰਿਸ਼ਨ ਦਾ ਜਨਮ ਉੱਤਰੀ ਭਾਰਤ ਵਿੱਚ ਲਗਭਗ 3,228 ਈਸਾ ਪੂਰਵ ਵਿੱਚ ਹੋਇਆ ਸੀ। ਪੁਰਾਣ ਸ਼੍ਰੀ ਕ੍ਰਿਸ਼ਨ ਦੇ ਜੀਵਨ ਨੂੰ ਦਵਾਪਰ ਯੁੱਗ ਦੇ ਕਲਿਯੁਗ (ਮੌਜੂਦਾ ਯੁੱਗ) ਵਿੱਚ ਲੰਘਣ ਦੀ ਨਿਸ਼ਾਨਦੇਹੀ ਮੰਨਦੇ ਹਨ। ਕ੍ਰਿਸ਼ਨਾ ਦਾ ਜਨਮ ਜੇਲ੍ਹ ਵਿੱਚ ਸ਼ਰਧਾਲੂ ਮਾਤਾ-ਪਿਤਾ - ਦੇਵਕੀ ਅਤੇ ਵਾਸੂਦੇਵ ਦੇ ਘਰ ਹੋਇਆ ਸੀ। ਉਸਦੇ ਜਨਮ ਸਮੇਂ, ਉਸਦੀ ਜਾਨ ਨੂੰ ਖਤਰਾ ਸੀ ਕਿਉਂਕਿ ਜ਼ਾਲਮ ਕੰਸਾ ਉਸਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਦੇਵਕੀ ਦੇ ਅੱਠਵੇਂ ਬੱਚੇ ਦੁਆਰਾ ਕੰਸਾ ਨੂੰ ਮਾਰਿਆ ਜਾਵੇਗਾ। ਕਿਉਂਕਿ ਸ਼੍ਰੀ ਕ੍ਰਿਸ਼ਨ ਅੱਠਵਾਂ ਬੱਚਾ ਸੀ, ਉਸਨੂੰ ਗੋਕੁਲਾ ਵਿੱਚ ਉਸਦੇ ਪਾਲਣ ਪੋਸ਼ਣ ਮਾਤਾ-ਪਿਤਾ ਨੰਦਾ ਅਤੇ ਯਸੋਦਾ ਦੁਆਰਾ ਪਾਲਣ ਲਈ ਜੇਲ੍ਹ ਤੋਂ ਬਾਹਰ ਤਸਕਰੀ ਕੀਤਾ ਗਿਆ ਸੀ। ਨੰਦਾ ਇੱਕ ਸਾਦਾ ਜੀਵਨ ਸ਼ੈਲੀ ਬਤੀਤ ਕਰਦੀ ਸੀ ਅਤੇ ਸਥਾਨਕ ਗਊ-ਚਰਵਾਹ ਭਾਈਚਾਰੇ ਵਿੱਚ ਇੱਕ ਪ੍ਰਮੁੱਖ ਸੀ। ਨੌਜਵਾਨ ਸ਼੍ਰੀ ਕ੍ਰਿਸ਼ਨ ਨੂੰ ਇਹਨਾਂ ਦਿਨਾਂ ਵਿੱਚ ਅਕਸਰ ਇੱਕ ਸ਼ਰਾਰਤੀ ਬੱਚੇ ਵਜੋਂ ਦਰਸਾਇਆ ਜਾਂਦਾ ਹੈ, ਜੋ ਮਜ਼ਾਕ ਖੇਡਦਾ ਅਤੇ ਮਸਤੀ ਕਰਦਾ ਸੀ। ਕੁਝ ਸ਼੍ਰੀ ਕ੍ਰਿਸ਼ਨ ਨੂੰ ਮਾਸੂਮੀਅਤ ਦੇ ਆਦਰਸ਼ ਬੱਚੇ ਵਜੋਂ ਪੂਜਦੇ ਹਨ। ਹਾਲਾਂਕਿ, ਆਪਣੇ ਜਵਾਨ ਸਾਲਾਂ ਵਿੱਚ ਵੀ, ਕ੍ਰਿਸ਼ਨਾ ਨੇ ਤ੍ਰਿਨਾਵਰਤਾ ਅਤੇ ਪੂਤਨਾ ਨੂੰ ਮਾਰਿਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਸਨੇ ਇੰਦਰ ਦੇ ਕ੍ਰੋਧ ਤੋਂ ਪਿੰਡ ਵਾਸੀਆਂ ਦੀ ਰੱਖਿਆ ਕਰਨ ਲਈ ਇੱਕ ਨੇੜਲੇ ਪਹਾੜੀ - ਗੋਵਰਧਨ ਨੂੰ ਉੱਚਾ ਕੀਤਾ ਸੀ।ਬ੍ਰਿੰਦਾਵਨ ਵਿੱਚ ਸ਼੍ਰੀ ਕ੍ਰਿਸ਼ਨ ਆਪਣੇ ਜੀਵਨ ਦੇ ਸ਼ੁਰੂਆਤੀ ਪੜਾਅ ਵਿੱਚ, ਸ਼੍ਰੀ ਕ੍ਰਿਸ਼ਨ ਨੂੰ ਅਕਸਰ ਆਪਣੀਆਂ ਪਿਆਰੀਆਂ ਗੋਪੀਆਂ - ਇਸਤਰੀ ਸ਼ਰਧਾਲੂਆਂ ਲਈ ਬੰਸਰੀ ਵਜਾਉਂਦੇ ਦਿਖਾਇਆ ਗਿਆ ਹੈ। ਇਨ੍ਹਾਂ ਵਿੱਚੋਂ ਰਾਧਾ ਸਭ ਤੋਂ ਵੱਡੀ ਭਗਤ ਸੀ। ਇਹ ਜੀਵਨ ਘਟਨਾ ਹਿੰਦੂ ਭਗਤੀ ਭਗਤੀ ਪਰੰਪਰਾ ਦੇ ਵਿਕਾਸ ਵਿੱਚ ਮਹੱਤਵਪੂਰਨ ਸੀ। ਇਹ ਭਗਤੀ ਦੀ ਇਹ ਪਰੰਪਰਾ ਹੈ ਜੋ ਕਿ ਸ਼੍ਰੀ ਚੈਤੰਨਿਆ ਅਤੇ ਸ਼੍ਰੀ ਰਾਮਕ੍ਰਿਸ਼ਨ ਵਰਗੇ ਭਵਿੱਖ ਦੇ ਅਵਤਾਰਾਂ ਦੇ ਜੀਵਨ ਵਿੱਚ ਮਹੱਤਵਪੂਰਨ ਸੀ। ਸ਼੍ਰੀ ਕ੍ਰਿਸ਼ਨ ਨੇ ਸਿਖਾਇਆ ਕਿ ਸਵੈ-ਬੋਧ ਦੇ ਟੀਚੇ ਤੱਕ ਪਹੁੰਚਣ ਲਈ ਬਹੁਤ ਸਾਰੇ ਰਸਤੇ ਸਨ, ਪਰ ਸ਼ਰਧਾ ਸਭ ਤੋਂ ਛੋਟਾ ਰਸਤਾ ਸੀ।



ਸ਼੍ਰੀ ਕ੍ਰਿਸ਼ਨ ਅਤੇ ਭਗਵਦ ਗੀਤਾ ਮਥੁਰਾ ਪਰਤਣ 'ਤੇ, ਸ਼੍ਰੀ ਕ੍ਰਿਸ਼ਨ ਨੇ ਆਪਣੇ ਚਾਚੇ ਕੰਸ ਨੂੰ ਮਾਰ ਦਿੱਤਾ - ਜਦੋਂ ਕੰਸ ਨੇ ਕ੍ਰਿਸ਼ਨ ਨੂੰ ਮਾਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਸੀ। ਮਥੁਰਾ ਵਿੱਚ, ਉਸਨੇ ਪਾਂਡਵ ਰਾਜਕੁਮਾਰ ਅਰਜੁਨ ਨਾਲ ਦੋਸਤੀ ਕੀਤੀ। ਸ਼੍ਰੀ ਕ੍ਰਿਸ਼ਨ ਅਰਜੁਨ ਦੇ ਸਲਾਹਕਾਰ ਅਤੇ ਮਿੱਤਰ ਬਣ ਗਏ। ਕੁਰੂਕਸ਼ੇਤਰ ਯੁੱਧ ਪਾਂਡਵਾਂ ਅਤੇ ਕੌਰਵਾਂ (ਰਾਜਾ ਧ੍ਰਿਤਰਾਸ਼ਟਰ ਦੀ ਅਗਵਾਈ ਵਿਚ) ਵਿਚਕਾਰ ਲੜਾਈ ਸੀ। ਕੌਰਵਾਂ ਦੇ ਉਕਸਾਉਣ ਦੇ ਬਾਵਜੂਦ, ਸ਼੍ਰੀ ਕ੍ਰਿਸ਼ਨ ਨੇ ਟਕਰਾਅ ਤੋਂ ਬਚਣ ਲਈ ਵਿਚੋਲਗੀ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਕੌਰਵਾਂ ਨੂੰ ਕਿਹਾ ਕਿ ਉਹ ਪਾਂਡਵਾਂ ਨੂੰ ਥੋੜ੍ਹੀ ਜਿਹੀ ਜ਼ਮੀਨ ਦੇਣ। ਹਾਲਾਂਕਿ, ਧ੍ਰਿਤਰਾਸ਼ਟਰ ਨੇ ਕਿਸੇ ਵੀ ਸਮਝੌਤੇ ਤੋਂ ਇਨਕਾਰ ਕਰ ਦਿੱਤਾ। ਇੱਕ ਵਾਰ ਯੁੱਧ ਅਟੱਲ ਹੋ ਗਿਆ, ਸ਼੍ਰੀ ਕ੍ਰਿਸ਼ਨ ਨੇ ਆਪਣੇ ਸਭ ਤੋਂ ਪਿਆਰੇ ਮਿੱਤਰ ਅਰਜੁਨ ਨੂੰ ਇੱਕ ਵਿਕਲਪ ਦੀ ਪੇਸ਼ਕਸ਼ ਕੀਤੀ - ਜਾਂ ਤਾਂ ਉਹ ਸ਼੍ਰੀ ਕ੍ਰਿਸ਼ਨ ਨੂੰ ਖੁਦ ਚੁਣ ਸਕਦਾ ਸੀ, ਜਾਂ ਉਹ ਕ੍ਰਿਸ਼ਨ ਦੀਆਂ ਫੌਜਾਂ ਨੂੰ ਚੁਣ ਸਕਦਾ ਸੀ। ਅਰਜੁਨ ਨੇ ਆਪਣੀਆਂ ਫੌਜਾਂ ਦੀ ਬਜਾਏ ਸ਼੍ਰੀ ਕ੍ਰਿਸ਼ਨ ਦੀ ਸਲਾਹ ਨੂੰ ਚੁਣਿਆ। ਸ਼੍ਰੀ-ਕ੍ਰਿਸ਼ਨ_ਵਰਤੋਂ_ਹਥਿਆਰ ਇਹ ਕੁਰੂਕਸ਼ੇਤਰ ਦੇ ਯੁੱਧ ਦੇ ਮੈਦਾਨ ਵਿੱਚ ਸੀ ਕਿ ਸ਼੍ਰੀ ਕ੍ਰਿਸ਼ਨ ਨੇ ਭਗਵਦ ਗੀਤਾ ਦਾ ਅਮਰ ਸੰਵਾਦ ਦਿੱਤਾ, ਜੋ ਕਿ ਸ਼੍ਰੀ ਕ੍ਰਿਸ਼ਨ ਦੇ ਯੋਗਾ ਦਾ ਪ੍ਰਗਟਾਵਾ ਸੀ ਅਤੇ ਕਿਵੇਂ ਇੱਕ ਚਾਹਵਾਨ ਸਾਧਕ ਪ੍ਰਮਾਤਮਾ ਨਾਲ ਮਿਲਾਪ ਦੀ ਭਾਲ ਕਰ ਸਕਦਾ ਹੈ। ਅਤੀਤ ਦੇ ਭਾਰਤੀ ਗ੍ਰੰਥਾਂ ਦੇ ਉਲਟ, ਭਗਵਦ ਗੀਤਾ ਨੂੰ ਸੰਸਾਰ ਤਿਆਗ ਦੀ ਲੋੜ ਨਹੀਂ ਸੀ ਪਰ ਸੰਸਾਰ ਨੂੰ ਸਵੀਕਾਰ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਸੀ। ਭਗਵਦ ਗੀਤਾ ਅਤੇ ਸ਼੍ਰੀ ਕ੍ਰਿਸ਼ਨ ਦਾ ਜੀਵਨ ਅਧਿਆਤਮਿਕਤਾ ਨੂੰ ਆਮ ਲੋਕਾਂ ਤੱਕ ਪਹੁੰਚਯੋਗ ਬਣਾਉਣ ਲਈ ਬਹੁਤ ਮਹੱਤਵਪੂਰਨ ਸਨ - ਨਾ ਕਿ ਕੇਵਲ ਯੋਗੀ ਜਿਨ੍ਹਾਂ ਨੇ ਸੰਸਾਰ ਨੂੰ ਤਿਆਗ ਦਿੱਤਾ ਸੀ। ਸ਼੍ਰੀ ਕ੍ਰਿਸ਼ਨ ਦਾ ਕੇਂਦਰੀ ਸੰਦੇਸ਼ ਮਨੁੱਖ ਲਈ ਇੱਛਾ ਰਹਿਤ ਕਿਰਿਆ ਵਿੱਚ ਹਿੱਸਾ ਲੈਣ ਲਈ ਸੀ - ਮਨੁੱਖੀ ਹਉਮੈ ਤੋਂ ਪ੍ਰੇਰਿਤ ਨਹੀਂ, ਪਰ ਬ੍ਰਹਮ ਕਾਰਨ ਲਈ।



"ਤੁਸੀਂ ਸਿਰਫ ਕਿਰਿਆ ਦੇ ਹੱਕਦਾਰ ਹੋ, ਇਸਦੇ ਫਲ ਦੇ ਕਦੇ ਨਹੀਂ। ਕਰਮ ਦੇ ਫਲ ਨੂੰ ਆਪਣਾ ਮਨੋਰਥ ਨਾ ਬਣਨ ਦਿਓ, ਪਰ ਆਪਣੇ ਆਪ ਨੂੰ ਅਕਰਮ ਨਾਲ ਨਾ ਜੋੜੋ।" — ਭਗਵਦ ਗੀਤਾ ਅਧਿਆਇ 2, ਆਇਤ 47 ਲੜਾਈ ਦੇ ਦੌਰਾਨ, ਸ਼੍ਰੀ ਕ੍ਰਿਸ਼ਨ ਨੇ ਅਰਜੁਨ ਅਤੇ ਪਾਂਡਵਾਂ ਨੂੰ ਜਿੱਤਣ ਵਿੱਚ ਮਦਦ ਕਰਨ ਲਈ ਕਦੇ-ਕਦਾਈਂ ਦਖਲ ਦਿੱਤਾ। ਸ਼੍ਰੀ ਕ੍ਰਿਸ਼ਨ ਨੇ ਆਪਣਾ ਸ਼ਬਦ ਤੋੜ ਦਿੱਤਾ - ਆਪਣੇ ਸਭ ਤੋਂ ਪਿਆਰੇ ਚੇਲੇ ਲਈ ਆਪਣੇ ਪਿਆਰ ਨੂੰ ਸਾਬਤ ਕਰਨਾ ਅਖੌਤੀ ਮਨੁੱਖੀ ਨੈਤਿਕਤਾ ਨਾਲੋਂ ਵੱਡਾ ਸੀ। ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਆਪਣੇ ਸਰਵ ਵਿਆਪਕ ਰੂਪ ਦਾ ਪਰਦਾਫਾਸ਼ ਵੀ ਕੀਤਾ - ਅਰਜੁਨ ਨੂੰ ਉਸਦਾ ਪੂਰਾ ਅਧਿਆਤਮਿਕ ਅਨੁਭਵ ਦਿਖਾਉਂਦਾ ਹੈ। ਇਸ ਤੋਂ ਬਾਅਦ ਅਰਜੁਨ ਕੇਵਲ ਪ੍ਰਸ਼ੰਸਕ ਅਤੇ ਦੋਸਤ ਦੀ ਬਜਾਏ ਸ਼੍ਰੀ ਕ੍ਰਿਸ਼ਨ ਦਾ ਚੇਲਾ ਬਣ ਗਿਆ। ਸ਼੍ਰੀ ਕ੍ਰਿਸ਼ਨ ਨੇ ਮਨੁੱਖੀ ਅਤੇ ਬ੍ਰਹਮ ਦੋਵੇਂ ਪਹਿਲੂਆਂ ਨੂੰ ਮੂਰਤੀਮਾਨ ਕੀਤਾ। ਇੱਕ ਅਵਤਾਰ ਦੇ ਰੂਪ ਵਿੱਚ, ਉਸਨੇ ਇੱਕ ਮਨੁੱਖੀ ਭੂਮਿਕਾ ਨਿਭਾਈ, ਪਰ, ਉਸੇ ਸਮੇਂ, ਇੱਕ ਪੂਰੀ ਤਰ੍ਹਾਂ ਅਨੁਭਵੀ ਆਤਮਾ ਸੀ - ਪਰਮੇਸ਼ੁਰ ਨਾਲ ਇੱਕ। ਆਪਣੇ ਜੀਵਨ ਕਾਲ ਦੌਰਾਨ, ਬਹੁਤ ਘੱਟ ਲੋਕਾਂ ਨੇ ਸ਼੍ਰੀ ਕ੍ਰਿਸ਼ਨ ਦੀ ਅਧਿਆਤਮਿਕ ਉਚਾਈ ਨੂੰ ਪਛਾਣਿਆ। ਸ਼੍ਰੀ ਕ੍ਰਿਸ਼ਨ ਨੇ ਅੱਠ ਪ੍ਰਮੁੱਖ ਪਤਨੀਆਂ ਰੱਖੀਆਂ ਅਤੇ ਬਹੁਤ ਸਾਰੇ ਪੁੱਤਰ ਹੋਏ। ਹਾਲਾਂਕਿ, ਉਸਦੇ ਪੁੱਤਰ ਅਧਿਆਤਮਿਕ ਸਨ ਅਤੇ ਵੱਧ ਤੋਂ ਵੱਧ ਹੰਕਾਰੀ ਅਤੇ ਹੰਕਾਰੀ ਬਣ ਗਏ। ਇਹ ਵੀ ਕਿਹਾ ਜਾਂਦਾ ਹੈ, ਸ਼੍ਰੀ ਕ੍ਰਿਸ਼ਨ ਨੇ 16,100 ਹੋਰ ਔਰਤਾਂ ਨੂੰ ਲਿਆ, ਜਿਨ੍ਹਾਂ ਨੂੰ ਉਸਨੇ ਨਰਕਾਸੁਰ ਨੂੰ ਮਾਰਨ ਤੋਂ ਬਾਅਦ ਨਰਕਾਸੁਰ ਦੇ ਮਹਿਲ ਤੋਂ ਬਚਾਇਆ ਸੀ। ਇਹ ਸਮਾਜ ਅਤੇ ਪੁਰਾਣੀਆਂ ਸਮਾਜਿਕ ਪਰੰਪਰਾਵਾਂ ਦੇ ਦੱਬੇ-ਕੁਚਲੇ ਅਤੇ ਬਦਕਿਸਮਤ ਪੀੜਤਾਂ ਲਈ ਸ਼੍ਰੀ ਕ੍ਰਿਸ਼ਨ ਦੀ ਹਮਦਰਦੀ ਨੂੰ ਦਰਸਾਉਂਦਾ ਹੈ। ਕੁਰੂਕਸ਼ੇਤਰ ਦੀ ਲੜਾਈ ਤੋਂ ਬਾਅਦ, ਕ੍ਰਿਸ਼ਨ ਗਾਂਧਾਰੀ ਨੂੰ ਆਪਣੀ ਸੰਵੇਦਨਾ ਪੇਸ਼ ਕਰਨ ਲਈ ਆਇਆ (ਧਰਿਤਰਾਸ਼ਟਰ ਦੀ ਪਤਨੀ ਗਾਂਧਾਰੀ, ਲੜਾਈ ਵਿੱਚ 100 ਪੁੱਤਰਾਂ ਨੂੰ ਗੁਆ ਚੁੱਕੀ ਸੀ) ਗਾਂਧਾਰੀ ਨੇ ਸ਼੍ਰੀ ਕ੍ਰਿਸ਼ਨ ਨੂੰ ਸਰਾਪ ਦਿੱਤਾ ਕਿਉਂਕਿ ਉਸਨੂੰ ਵਿਸ਼ਵਾਸ ਸੀ ਕਿ ਉਹ ਲੜਾਈ ਨੂੰ ਰੋਕ ਸਕਦਾ ਸੀ। ਗੰਧਾਰੀ ਨੇ ਸਰਾਪ ਦਿੱਤਾ ਕਿ ਕ੍ਰਿਸ਼ਨ ਯਦੂ ਵੰਸ਼ ਦੇ ਕਿਸੇ ਵੀ ਵਿਅਕਤੀ ਦੇ ਨਾਲ 36 ਸਾਲਾਂ ਦੇ ਅੰਦਰ ਮਰ ਜਾਵੇਗਾ। ਸ਼੍ਰੀ ਕ੍ਰਿਸ਼ਨ ਇਸ ਸਰਾਪ ਨੂੰ ਸਵੀਕਾਰ ਕਰਕੇ ਖੁਸ਼ ਸਨ ਕਿਉਂਕਿ ਉਸਦੇ ਪੁੱਤਰਾਂ ਨਾਲ ਬੁਰਾ ਵਿਵਹਾਰ ਹੋ ਗਿਆ ਸੀ ਅਤੇ ਉਹ ਜਾਣਦਾ ਸੀ ਕਿ ਉਸਦਾ ਮਿਸ਼ਨ ਨੇੜੇ ਆ ਰਿਹਾ ਸੀ। ਦਵਾਰਕਾ ਵਿਖੇ ਸ਼੍ਰੀ ਕ੍ਰਿਸ਼ਨ ਬਾਅਦ ਦੇ ਜੀਵਨ ਵਿੱਚ, ਸ਼੍ਰੀ ਕ੍ਰਿਸ਼ਨ ਦੁਆਰਕਾ ਚਲੇ ਗਏ ਜਿੱਥੇ ਉਹ ਕਈ ਸਾਲਾਂ ਤੱਕ ਰਹੇ। ਦੰਤਕਥਾ ਹੈ ਕਿ ਸ਼੍ਰੀ ਕ੍ਰਿਸ਼ਨ ਨੂੰ ਉਸਦੇ ਗਿੱਟੇ ਵਿੱਚੋਂ ਇੱਕ ਤੀਰ ਨਾਲ ਮਾਰਿਆ ਗਿਆ ਸੀ ਜਦੋਂ ਉਸਨੂੰ ਇੱਕ ਸ਼ਿਕਾਰੀ ਦੁਆਰਾ ਗੋਲੀ ਮਾਰ ਦਿੱਤੀ ਗਈ ਸੀ, ਜਿਸਨੇ ਸ਼੍ਰੀ ਕ੍ਰਿਸ਼ਨ ਨੂੰ ਹਿਰਨ ਸਮਝ ਲਿਆ ਸੀ। ਗਿੱਟਾ ਸ਼੍ਰੀ ਕ੍ਰਿਸ਼ਨ ਦੇ ਸਰੀਰ ਵਿੱਚ ਕਮਜ਼ੋਰੀ ਦਾ ਇੱਕ ਖੇਤਰ ਸੀ। ਉਸ ਨੇ ਮੌਤ ਨੂੰ ਸ਼ਾਂਤੀ ਨਾਲ ਸਵੀਕਾਰ ਕਰ ਲਿਆ, ਧਰਤੀ ਉੱਤੇ ਆਪਣਾ ਸਮਾਂ ਜਾਣ ਕੇ ਅਤੇ ਅੰਤ ਵਿੱਚ ਆਇਆ।



ਸ਼੍ਰੀ ਕ੍ਰਿਸ਼ਨ ਦੇ ਜੀਵਨ ਅਤੇ ਮਿਸ਼ਨ ਦਾ ਕੀ ਮਹੱਤਵ ਸੀ? ਸ਼੍ਰੀ ਅਰਬਿੰਦੋ ਨੇ ਇੱਕ ਵਾਰ ਕਿਹਾ ਸੀ ਕਿ ਵਿਸ਼ਵ ਇਤਿਹਾਸ ਦੀਆਂ ਚਾਰ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿੱਚ ਕ੍ਰਿਸ਼ਨ ਦੇ ਜੀਵਨ ਦੀਆਂ ਦੋ ਘਟਨਾਵਾਂ ਸ਼ਾਮਲ ਹਨ - ਬ੍ਰਿੰਦਾਵਨ ਵਿੱਚ ਕ੍ਰਿਸ਼ਨ ਦੀ ਜਲਾਵਤਨੀ ਅਤੇ ਕੁਰੂਸ਼ੇਤਰ ਦੇ ਮੈਦਾਨ ਵਿੱਚ ਅਰਜੁਨ ਨਾਲ ਉਸਦੀ ਗੱਲਬਾਤ। ਦੂਜੇ ਦੋ ਸਨ ਟ੍ਰੌਏ ਦੀ ਘੇਰਾਬੰਦੀ ਅਤੇ ਮਸੀਹ ਦਾ ਜੀਵਨ. "ਇਤਿਹਾਸ ਵਿੱਚ ਚਾਰ ਬਹੁਤ ਹੀ ਮਹਾਨ ਘਟਨਾਵਾਂ ਹਨ, ਟਰੌਏ ਦੀ ਘੇਰਾਬੰਦੀ, ਮਸੀਹ ਦਾ ਜੀਵਨ ਅਤੇ ਸਲੀਬ, ਬ੍ਰਿੰਦਾਵਨ ਵਿੱਚ ਕ੍ਰਿਸ਼ਨ ਦਾ ਜਲਾਵਤਨ ਅਤੇ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਅਰਜੁਨ ਨਾਲ ਗੱਲਬਾਤ। ਟਰੌਏ ਦੀ ਘੇਰਾਬੰਦੀ ਨੇ ਹੇਲਸ ਦੀ ਸਿਰਜਣਾ ਕੀਤੀ, ਬ੍ਰਿੰਦਾਵਨ ਵਿੱਚ ਗ਼ੁਲਾਮੀ ਨੇ ਭਗਤੀ ਧਰਮ ਦੀ ਸਿਰਜਣਾ ਕੀਤੀ (ਕਿਉਂਕਿ ਇਸ ਤੋਂ ਪਹਿਲਾਂ ਸਿਰਫ਼ ਸਿਮਰਨ ਅਤੇ ਪੂਜਾ ਸੀ), ਮਸੀਹ ਨੇ ਆਪਣੇ ਸਲੀਬ ਤੋਂ ਮਨੁੱਖੀਕਰਨ ਕੀਤਾ ਯੂਰਪ, ਕੁਰੂਖੇਤਰ ਵਿਖੇ ਬੋਲਚਾਲ ਅਜੇ ਵੀ ਮਨੁੱਖਤਾ ਨੂੰ ਆਜ਼ਾਦ ਕਰੇਗੀ। ਸ਼੍ਰੀ ਅਰਬਿੰਦੋ, ਭਗਵਦ ਗੀਤਾ 'ਤੇ ਬ੍ਰਿੰਦਾਵਨ ਵਿਖੇ ਕ੍ਰਿਸ਼ਨਾ ਦਾ ਨਾਟਕ ਅਧਿਆਤਮਿਕਤਾ ਵਿੱਚ ਇੱਕ ਨਵਾਂ ਵਿਕਾਸ ਸੀ। ਇਸਨੇ ਲੋਕਾਂ ਨੂੰ ਪ੍ਰਮਾਤਮਾ ਦੇ ਇੱਕ ਨਿੱਜੀ ਪਹਿਲੂ (ਇਸ ਕੇਸ ਵਿੱਚ ਕ੍ਰਿਸ਼ਨ ਦਾ ਬ੍ਰਹਮ ਸਰੂਪ। ਪਹਿਲਾਂ ਅਧਿਆਤਮਿਕ ਅਭਿਆਸ ਨੇ ਧਿਆਨ ਅਤੇ ਨਿਰਲੇਪਤਾ ਉੱਤੇ ਜ਼ੋਰ ਦਿੱਤਾ ਸੀ। ਇਸਨੇ ਯੋਗ ਅਤੇ ਧਰਮ ਦੀ ਅਪੀਲ ਨੂੰ ਉਹਨਾਂ ਲੋਕਾਂ ਵਿੱਚ ਫੈਲਾਇਆ ਜਿਨ੍ਹਾਂ ਦਾ ਸੁਭਾਅ ਭਗਤੀ ਸੀ। ਕੁਰੂਕਸ਼ੇਤਰ ਦੇ ਯੁੱਧ ਦੇ ਮੈਦਾਨ ਵਿੱਚ ਅਰਜੁਨ ਨਾਲ ਕ੍ਰਿਸ਼ਨ ਦੀ ਗੱਲਬਾਤ। ਇਸ ਅਮਰ ਸੰਵਾਦ ਨੇ ਹਰ ਕਿਸੇ ਲਈ ਪਾਲਣਾ ਕਰਨ ਲਈ ਇੱਕ ਸਪਸ਼ਟ ਅਤੇ ਵਿਹਾਰਕ ਯੋਗਾ ਦਿੱਤਾ। ਇਸ ਨੇ ਅਧਿਆਤਮਿਕ ਜੀਵਨ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਇਆ ਅਤੇ ਪੁਰਾਣੇ ਵੈਦਿਕ ਧਰਮ ਦੀਆਂ ਰਸਮਾਂ ਅਤੇ ਵਿਸ਼ੇਸ਼ਤਾ ਨੂੰ ਹਟਾ ਦਿੱਤਾ। "ਸ਼੍ਰੀ ਕ੍ਰਿਸ਼ਨ ਨੇ ਸੰਸਾਰ ਤੋਂ ਦੂਰ ਰਹਿਣ ਵਾਲੀ ਅਧਿਆਤਮਿਕਤਾ ਅਤੇ ਸੰਸਾਰ ਨੂੰ ਪਕੜਨ ਵਾਲੀ ਭੌਤਿਕਵਾਦ ਦੇ ਫਲਸਫ਼ਿਆਂ ਨੂੰ ਖ਼ਤਮ ਕਰਨ ਲਈ ਮਿੱਟੀ ਦੀ ਪੈਰਵਾਈ ਕੀਤੀ। ਉਸਨੇ ਧਰਤੀ ਉੱਤੇ "ਧਰਮਰਾਜ", ਅੰਦਰੂਨੀ ਕਾਨੂੰਨ ਦਾ ਰਾਜ ਸਥਾਪਿਤ ਕੀਤਾ। ਉਸਨੇ ਮਨੁੱਖੀ ਹਉਮੈ ਦੁਆਰਾ ਨਹੀਂ, ਸਗੋਂ ਦੈਵੀ ਇੱਛਾ ਦੁਆਰਾ ਪ੍ਰੇਰਿਤ, ਕਸ਼ੱਤਰੀ ਬਹਾਦਰੀ ਦੀ ਅਸਲ ਭਾਵਨਾ ਨੂੰ ਬਹਾਲ ਕੀਤਾ, ਮਨੁੱਖ ਨੂੰ ਸਰਵਉੱਚ ਦਾ ਇੱਕ ਸਮਰਪਿਤ ਅਤੇ ਕਿਰਿਆਸ਼ੀਲ ਸਾਧਨ ਬਣਾਇਆ। ਉਸਨੇ ਧਰਤੀ-ਚੇਤਨਾ ਵਿੱਚ ਇਹ ਪਰਮ ਸੱਚ ਲਿਆਇਆ ਕਿ ਧਰਤੀ ਅਤੇ ਧਰਤੀ ਦਾ ਜੀਵਨ, ਅੰਦਰੂਨੀ ਤੌਰ 'ਤੇ ਬ੍ਰਹਮ ਹੋਣ ਦੇ ਨਾਤੇ, ਹਰ ਖੇਤਰ ਵਿੱਚ, ਹਰ ਪਹਿਲੂ ਵਿੱਚ, ਪੂਰੀ ਤਰ੍ਹਾਂ ਅਤੇ ਪੂਰੀ ਤਰ੍ਹਾਂ, ਬਾਹਰੋਂ ਬ੍ਰਹਮ ਬਣਾਇਆ ਜਾਣਾ ਚਾਹੀਦਾ ਹੈ। - ਸ਼੍ਰੀ ਚਿਨਮਯ (ਭਗਵਦ ਗੀਤਾ 'ਤੇ ਟਿੱਪਣੀ) ਕ੍ਰਿਸ਼ਨ ਇੱਕ ਮਾਡਲ ਰਾਜਾ, ਪਤੀ, ਦੋਸਤ, ਅਧਿਆਤਮਿਕ ਗੁਰੂ ਅਤੇ ਅਵਤਾਰ ਸੀ। ਕ੍ਰਿਸ਼ਨਾ ਨੇ ਨਾ ਸਿਰਫ਼ ਭਾਰਤ ਬਲਕਿ ਪੂਰੇ ਵਿਸ਼ਵ ਦੇ ਸੱਭਿਆਚਾਰ, ਧਰਮ ਅਤੇ ਅਧਿਆਤਮਿਕਤਾ 'ਤੇ ਡੂੰਘਾ ਪ੍ਰਭਾਵ ਪਾਇਆ। ਯੋਗਾ ਦਾ ਉਸਦਾ ਮੂਲ ਦਰਸ਼ਨ ਸਾਰੇ ਭਵਿੱਖੀ ਅਧਿਆਤਮਿਕ ਅਧਿਆਪਕਾਂ ਲਈ ਸੰਦਰਭ ਬਿੰਦੂ ਹੈ। ਉਸ ਦਾ ਭਗਤੀ ਯੋਗਾ ਦਾ ਖੇਡ ਭਵਿੱਖ ਦੇ ਸਾਰੇ ਮਾਸਟਰਾਂ ਅਤੇ ਸੰਤਾਂ ਲਈ ਵੀ ਸੰਦਰਭ ਬਿੰਦੂ ਅਤੇ ਪ੍ਰੇਰਣਾ ਸੀ ਜੋ ਭਗਤੀ 'ਤੇ ਜ਼ੋਰ ਦਿੰਦੇ ਹਨ - ਮੀਰਾਬਾਈ, ਸ਼੍ਰੀ ਚੈਤੰਨਿਆ ਅਤੇ ਸ਼੍ਰੀ ਰਾਮਕ੍ਰਿਸ਼ਨ ਵਰਗੀਆਂ ਪ੍ਰਭਾਵਸ਼ਾਲੀ ਹਸਤੀਆਂ। ਕ੍ਰਿਸ਼ਨ ਦੀਆਂ ਸਿੱਖਿਆਵਾਂ ਨੇ ਅਧਿਆਤਮਿਕ ਪਹੁੰਚਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਅਤੇ ਵਿਭਿੰਨਤਾ ਦੀ ਆਗਿਆ ਦਿੱਤੀ - ਗੀਤਾ ਦੀ ਨਿਰਲੇਪਤਾ ਅਤੇ ਸਮਾਨਤਾ ਤੋਂ, ਗੋਪੀਆਂ ਦੀ ਤੀਬਰ ਸ਼ਰਧਾ। ਇਸ ਤਰ੍ਹਾਂ ਕ੍ਰਿਸ਼ਨ ਨੇ ਭਾਰਤੀ ਅਧਿਆਤਮਿਕ ਅਤੇ ਧਰਮ ਨੂੰ ਵਿਭਿੰਨਤਾ, ਭਾਵਨਾ ਦੀ ਭਰਪੂਰਤਾ ਅਤੇ ਇਸ ਤਰ੍ਹਾਂ ਟੀਚੇ ਦੇ ਕਈ ਮਾਰਗਾਂ ਲਈ ਸਹਿਣਸ਼ੀਲਤਾ ਨਾਲ ਰੰਗਿਆ।